ਇੱਥੇ ਵਿਸ਼ੇਸ਼ ਤੌਰ ਤੇ ਦੱਸਣਾ ਬਣਦਾ ਹੈ ਕਿ, ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੇ ਵੱਖ-ਵੱਖ ਅਹੁਦਿਆਂ 'ਤੇ ਰਹਿੰਦਿਆਂ ਦੇਸ਼ ਦੀ ਆਰਥਿਕ ਨੀਤੀ 'ਤੇ ਡੂੰਘੀ ਛਾਪ ਛੱਡੀ। ਉਨ੍ਹਾਂ ਨੇ ਰਿਜ਼ਰਵ ਬੈਂਕ ਦੇ ਗਵਰਨਰ, ਭਾਰਤ ਸਰਕਾਰ ਦੇ ਆਰਥਿਕ ਸਲਾਹਕਾਰ ਅਤੇ ਹੋਰ ਸੰਸਥਾਵਾਂ ਦੇ ਵੱਖ-ਵੱਖ ਅਹੁਦਿਆਂ 'ਤੇ ਰਹਿੰਦਿਆਂ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ। ਦੁਨੀਆ ਭਰ ਦੇ ਨੇਤਾਵਾਂ ਨੇ ਉਸ ਦਾ ਆਦਰ ਅਤੇ ਸਨਮਾਨ ਕੀਤਾ। ਉਨ੍ਹਾਂ ਨੇ ਭਾਰਤ ਨੂੰ 2008 ਵਿੱਚ ਵਿਸ਼ਵ ਆਰਥਿਕ ਮੰਦੀ ਤੋਂ ਵੀ ਕਾਫੀ ਹੱਦ ਤੱਕ ਸੁਰੱਖਿਅਤ ਰੱਖਿਆ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਕਾਰਜਕਾਲ ਦੌਰਾਨ ਇੱਕ ਵਾਰ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਬੋਲਦੇ ਹਨ ਤਾਂ ਪੂਰੀ ਦੁਨੀਆ ਸੁਣਦੀ ਹੈ। ਡਾ ਮਨਮੋਹਨ ਸਿੰਘ ਨੇ ਇਸ ਸਾਲ ਸੰਸਦੀ ਰਾਜਨੀਤੀ ਨੂੰ ਅਲਵਿਦਾ ਕਹਿ ਦਿੱਤਾ ਸੀ। ਲੰਬੇ ਸਮੇਂ ਤੱਕ ਰਾਜ ਸਭਾ ਮੈਂਬਰ ਰਹੇ ਡਾ: ਮਨਮੋਹਨ ਸਿੰਘ ਦਾ ਕਾਰਜਕਾਲ 3 ਅਪ੍ਰੈਲ 2024 ਨੂੰ ਖਤਮ ਹੋ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਇਹ ਯਾਤਰਾ ਜਾਰੀ ਨਾ ਰੱਖਣ ਦਾ ਫੈਸਲਾ ਕੀਤਾ ਅਤੇ ਸੰਸਦੀ ਰਾਜਨੀਤੀ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਦਿੱਤਾ। ਦੋ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਮਨਮੋਹਨ ਸਿੰਘ ਲਈ ਸੰਸਦ ਮੈਂਬਰ ਵਜੋਂ ਇਹ ਆਖਰੀ ਪਾਰੀ ਸੀ। 92 ਸਾਲ ਦੀ ਉਮਰ 'ਚ ਡਾਕਟਰ ਮਨਮੋਹਨ ਸਿੰਘ 26 ਦਸੰਬਰ 2024 ਦੀ ਰਾਤ ਕਰੀਬ 10 ਵਜੇ ਇਸ ਰੰਗਲੀ ਦੁਨੀਆ ਨੂੰ ਤਾਂ ਸਦਾ ਅਲਵਿਦਾ ਕਹਿ ਗਏ, ਪਰ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਉਨ੍ਹਾਂ ਦਾ ਰਾਜ ਰਹਿੰਦੀ ਦੁਨੀਆ ਤੱਕ ਰਹੇਗਾ।

# Preetnama
# ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 285
Website: www.preetnama.com Email preetnamausa@gmail.com
03 JAN TO 09 JAN , 2024


# ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਫਿੱਕੀ ਪੈ ਗਈ ਤੇਰੇ ਚਿਹਰੇ ਦੀ ਨੁਹਾਰ . ਗੁਰਦਾਸ ਮਾਨ

ਪੰਜਾਬੀ ਫ਼ ?ਲਮ ਇੰਡਸਟਰੀ ਹੋਵੇ ਜਾਂ ਫਿਰ ਮਿਊਜ਼ਿਕ ਇੰਡਸਟਰੀ ਦੋਵਾਂ ਵਿੱਚ ਹੀ ਆਪਣੀ ਅਦਭੁੱਤ ਅਦਾਕਾਰੀ ਅਤੇ ਆਵਾਜ਼ ਦਾ ਲੋਹਾ ਮਨਵਾ ਚੁੱਕੇ ਪ੍ਰਸਿੱਧ ਗਾਇਕ ਅਤੇ ਅਦਾਕਾਰ ਗੁਰਦਾਸ ਮਾਨ ਸਾਹਬ ਆਪਣਾ 67ਵਾਂ ਜਨਮਦਿਨ ਮਨਾ ਰਹੇ ਹਨ ਇਨ੍ਹਾਂ 67ਸਾਲਾਂ ਵਿੱਚ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਏ ਪਰ ਜ਼ਿੰਦਗੀ ਦੇ ਹਰ ਪੜਾਅ ਨੂੰ ਬੜੀ ਸਹਿਜਤਾ ਨਾਲ ਪਾਰ ਕਰਦੇ ਹੋਏ ਮਾਨ ਸਾਬ ਅੱਜ ਤਕ ਆਪਣੇ ਪ੍ਰਸੰਸਕਾਂ ਦੇ ਦਿਲਾਂ ਤੇ ਰਾਜ ਕਰ ਰਹੇ ਹਨ ।

ਗੁਰਦਾਸ ਮਾਨ ਸਾਹਿਬ ਦਾ ਜਨਮ 4ਜਨਵਰੀ 1957 ਨੂੰ ਪੰਜਾਬ ਦੇ ਮੁਕਤਸਰ ਜ਼ਿਲ੍ਹੇ ਵਿੱਚ ਪੈਂਦੇ ਛੋਟੇ ਜਿਹੇ ਪਿੰਡ ਗਿੱਦੜਬਾਹਾ ਚ ਹੋਇਆ ਉਨ੍ਹਾਂ ਦੇ ਪਿਤਾ ਸਰਦਾਰ ਗੁਰਦੇਵ ਸਿੰਘ ਮਾਨ ਕਿਸਾਨ ਸਨ ਮਾਤਾ ਤੇਜ ਕੌਰ ਇਕ ਘਰੇਲੂ ਔਰਤ ਸੀ ਗੁਰਦਾਸ ਮਾਨ ਨੇ ਆਪਣੀ ਮੁੱਢਲੀ ਸਿੱਖਿਆ ਗਿੱਦੜਬਾਹਾ ਦੇ ਸਕੂਲ ਤੋਂ ਕਰਨ ਉਪਰੰਤ ਉੱਚ ਸਿੱਖਿਆ ਮਲੋਟ ਅਤੇ ਪਟਿਆਲਾ ਦੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਤੋਂ ਹੋਈ ਗੁਰਦਾਸ ਮਾਨ ਨੂੰ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਸੀ ਅਤੇ ਆਪਣੇ ਛੋਟੇ ਭਰਾ ਗੁਰਪੰਥ ਮਾਨ ਅਤੇ ਦੋਸਤ ਹਾਕਮ ਸੂਫ਼ੀ ਨਾਲ ਰਿਆਜ਼ ਕਰਿਆ ਕਰਦੇ ਸਨ ਉਦੋਂ ਗੁਰਪੰਥ ਮਾਨ ਉਨ੍ਹਾਂ ਨਾਲ ਬੈਂਜੋ ਵਜਾਇਆ ਕਰਦੇ ਸਨ ਗੁਰਦਾਸ ਮਾਨ ਗੀਤ ਗਾਇਆ ਕਰਦੇ ਸਨ ਉੱਥੇ ਕਾਲਜ ਦੇ ਦਿਨਾਂ ਵਿੱਚ ਗੁਰਦਾਸ ਮਾਨ ਇੱਕ ਚੰਗੇ ਅਥਲੀਟ ਵੀ ਰਹਿ ਚੁੱਕੇ ਹਨ ਅਤੇ ਜੂਡੋ ਵਿੱਚ ਬਲੈਕ ਬੈਲਟ ਦਾ ਖਿਤਾਬੀ ਉਨ੍ਹਾਂ ਨੂੰ ਮਿਲਿਆ ਹੋਇਆ ਹੈ

ਗੁਰਦਾਸ ਮਾਨ ਨੇ ਆਪਣੇ ਪ੍ਰੋਫੈਸ਼ਨਲ ਜੀਵਨ ਦੀ ਸ਼ੁਰੂਆਤ ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਤੋਂ ਕੀਤੀ ਪਰ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਰੱਖਣ ਵਾਲੇ ਮਾਨ ਨੇ ਛੇਤੀ ਇਸ ਸਰਕਾਰੀ ਨੌਕਰੀ ਨੂੰ ਅਲਵਿਦਾ ਕਹਿੰਦੇ ਹੋਏ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਕੁੱਦ ਪਏ ਉਂਜ ਤਾਂ ਗੁਰਦਾਸ ਮਾਨ ਨੇ ਆਪਣੇ ਪ੍ਰੋਫੈਸ਼ਨਲ ਕੈਰੀਅਰ ਦੀ ਸ਼ੁਰੂਆਤ ਸਕੂਲ ਅਤੇ ਕਾਲਜ ਟਾਈਮ ਵਿੱਚ ਹੀ ਗਾਇਕੀ ਦੇ ਖੇਤਰ ਵਿੱਚ ਕਦਮ ਰੱਖੇ ਕਰ ਲਈ ਸੀ ਪਰ ਇਸ ਖੇਤਰ ਵਿੱਚ ਉਨ੍ਹਾਂ ਦੀ ਅਸਲ ਸ਼ੁਰੂਆਤ 1980 ਵਿੱਚ ਆਈ ਪਹਿਲੀ ਮਿਊਜ਼ਿਕ ਐਲਬਮ ਨਾਲ ਹੋਈ ਉਨ੍ਹਾਂ ਦਾ ਗੀਤ ਦਿਲ ਦਾ ਮਾਮਲਾ ਇਨ੍ਹਾਂ ਪ੍ਰਸਿੱਧ ਹੋਇਆ ਕੀ ਗੁਰਦਾਸ ਮਾਨ ਰਾਤੋ ਰਾਤ ਸੁਪਰ ਸਟਾਰ ਬਣ ਗਏ ਉੱਨੀ ਸੌ ਇਕਆਸੀ ਵਿੱਚ ਇਸ ਗੀਤ ਨੂੰ ਐਲਬਮ ਦਿਲ ਦਾ ਮਾਮਲਾ ਵਿੱਚ ਸ਼ਾਮਲ ਕੀਤਾ ਗਿਆ ਅਤੇ ਉਸ ਐਲਬਮ ਮਗਰੋਂ ਗੁਰਦਾਸ ਮਾਨ ਨੇ ਪਿੱਛੇ ਮੁੜਕੇ ਨਹੀਂ ਦੇਖਿਆ ਇਸ ਮਗਰੋਂ ਮਾਨ ਨੇ ਇਕ ਮਗਰੋਂ ਇਕ ਕਰੀਬ ਤਿੱਨ ਸੌ ਦੱਸ ਰਿਕਾਰਡ ਤੋੜ ਗੀਤ ਲਿਖੇ ਅਤੇ ਕਰੀਬ ਛੱਤੀ ਐਲਬਮ ਰਿਕਾਰਡ ਕੀਤੀਆਂ ਜਿਨ੍ਹਾਂ ਵਿੱਚ .1984ਚੱਕਰ.1988ਰਾਤ ਸੁਹਾਨੀ.1989 ਨੱਚੋ ਬਾਬਿਓ.1992ਘਰ ਭੁੱਲ ਗਈ ਮੋੜ ਤੇ ਆ ਕੇ .1992 ਇਬਾਦਤ.1993 ਤੇਰੀ ਖੈਰ ਹੋਵੇ.1994ਵੇਖੀਂ ਕਿਤੇ ਯਾਰ ਨਾ ਹੋਵੇ.1993ਤੇਰੀ ਖੈਰ ਹੋਵੇ.1994ਤਕਲੀਫ਼ਾਂ.1995 ਵਾਹ ਨੀ ਜਵਾਨੀਏ .1995 ਲੜ ਗਿਆ ਪੇਚਾ .1995 ਚੁਗਲੀਆਂ .1996 ਯਾਰ ਮੇਰਾ ਪਿਆਰ .1997ਪੀੜ ਪ੍ਰਾਹੁਣੀ .1998 ਕੁੱਲੀ ਚ ਭਾਵੇਂ ਕੱਖ ਨਾ ਰਹੇ .1999 ਜਾਦੂਗਰੀਆਂ .2000 ਪਿਆਰ ਕਰ ਲਏ .2000 ਦਿਲ ਤੋੜਨਾ ਮਨ੍ਹਾਂ ਹੈ .2001 ਅੱਖੀਆਂ ਉਡੀਕਦੀਆਂ .2003 ਪੰਜੀਰੀ .2003 ਇਸ਼ਕ ਦਾ ਗਿੱਧਾ .2004 ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ (ਹੀਰ ).2004 ਦਿਲ ਦਾ ਬਾਦਸ਼ਾਹ .2005 ਵਲੈਤਣ .2005 ਇਸ਼ਕ ਨਾ ਵੇਖੇ ਜਾਤ .2007 ਰੋਟੀ ਹੱਕ ਦੀ ਖਾਈਏ ਜੀ ਭਾਵੇਂ ਬੂਟ ਪਾਲਸ਼ਾਂ ਕਰੀਏ (ਬੂਟ ਪਾਲਸ਼ਾਂ )2010 ਮੇਲਾ ਦੋ ਦਿਨ ਦਾ . 2011 ਵਾਹਗੇ ਦੇ ਬਾਰਡਰ ਤੋਂ ਰਾਹ ਪੁੱਛਦੀ ਲਹੌਰਾ ਦੇ ( ਜੋਗੀਆ ).2013 ਰੋਟੀ .2017 ਕਿਹੜਾ ਕਿਹੜਾ ਦੁੱਖ ਦੱਸਾਂ ਮੈਂ ਪੰਜਾਬ ਦਾ (ਪੰਜਾਬ )

ਦਿਲ ਦਾ ਮਾਮਲਾ ਦਿਲ ਸਾਫ਼ ਹੋਣਾ .ਮਸਤੀ. ਅੱਖੀਆਂ ਉਡੀਕਦੀਆਂ ਆਦਿ ਪ੍ਰਮੁੱਖ ਐਲਬਮਜ਼ ਹਨ ਮਾਨ ਦੀਆਂ 36ਦੇ ਕਰੀਬ ਕੈਸਿਟਾਂ ਅਤੇ 312ਗੀਤ ਰਿਕਾਰਡ ਹੋ ਚੁੱਕੇ ਹਨ

ਪੰਜਾਬੀ ਵਿਚ ਗਾਉਣ ਦੇ ਇਲਾਵਾ, ਉਹ ਹਿੰਦੀ, ਬੰਗਾਲੀ, ਤਮਿਲ, ਹਰਿਆਨੀ ਅਤੇ ਰਾਜਸਥਾਨੀ ਭਾਸ਼ਾਵਾਂ ਵਿਚ ਮੁਹਾਰਤ ਰੱਖਦੇ ਹਨ।ਗਾਇਕੀ ਤੋਂ ਇਲਾਵਾ ਗੁਰਦਾਸ ਮਾਨ ਫ਼ ?ਲਮੀ ਦੁਨੀਆਂ ਵਿੱਚ ਵੀ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੇ ਹਨ ਉਨ੍ਹਾਂ ਨੇ ਆਪਣੇ ਫ਼ ?ਲਮੀ ਸਫ਼ਰ ਦੀ ਸ਼ੁਰੂਆਤ 1982 ਵਿੱਚ ਆਈ ਫ਼ ?ਲਮ ਉੱਚਾ ਦਰ ਬਾਬੇ ਨਾਨਕ ਦੇ ਨਾਲ ਕੀਤੀ ਇਸ ਫ਼ ?ਲਮ ਵਿੱਚ ਗੁਰਦਾਸ ਮਾਨ ਦੇ ਅਭਿਨੈ ਨੂੰ ਦਰਸ਼ਕਾਂ ਨੇ ਖ਼ੂਬ ਸਲਾਹਿਆ ਅਤੇ ਉਦੋਂ ਤੋਂ ਲੈ ਕੇ ਹੁਣ ਤਕ ਮਾਨ ਹਿੰਦੀ ਪੰਜਾਬੀ ਹਰਿਆਣਵੀ ਕਰੀਬ 35 ਫ਼ ?ਲਮਾਂ ਵਿੱਚ ਆਪਣੀ ਅਦਾਕਾਰੀ ਬਖੇਰ ਚੁੱਕੇ ਹਨ ਇੱਕ ਅਭਿਨੇਤਾ ਦੇ ਰੂਪ ਵਿੱਚ, ਉਸਨੇ ਪੰਜਾਬੀ, ਹਿੰਦੀ ਅਤੇ ਤਾਮਿਲ ਫਿਲਮਾਂ ਵਿੱਚ ਕੰਮ ਕੀਤਾ ਹੈ, ਪਰ ਉਹ ਆਪਣੀ ਫਿਲਮ ਵਾਰਿਸ ਸ਼ਾਹ ਵਿੱਚ ਪ੍ਰਮੁੱਖ ਭੂਮਿਕਾ ਲਈ ਜਾਣਿਆ ਜਾਂਦਾ ਹੈ, ਜੋ ਕਿ ਆਪਣੀ ਮਹਾਂਕਾਵਿ ਹੀਰ ਰਾਂਝਾ ਦੀ ਰਚਨਾ ਦੇ ਦੌਰਾਨ ਪੰਜਾਬੀ ਕਵੀ ਵਾਰਿਸ ਸ਼ਾਹ ਦੀ ਤਸਵੀਰ ਹੈ। ਉਸਨੇ ਸ਼ਾਹਰੁਖ ਖਾਨ ਅਤੇ ਪ੍ਰਿਟੀ ਜ਼ਿੰਟਾ ਦੇ ਨਾਲ ਵੀਰ-ਜ਼ਾਰਾ ਫਿਲਮ ਵਿਚ ਇਕ ਵਿਸ਼ੇਸ਼ ਦਿੱਖ ਦਿੱਤੀ।

ਸਾਲ1984 ਮਾਮਲਾ ਗੜਬੜ ਹੈ 1985ਪੱਥਰ ਦਿਲ1985ਉੱਚਾ ਦਰ ਬਾਬੇ ਨਾਨਕ ਦਾ1986ਲੌਂਗ ਦਾ ਲਿਸ਼ਕਾਰਾ1986ਗੱਭਰੂ ਪੰਜਾਬ ਦਾ ਸ਼ੇਰਾ1986ਕੀ ਬਣੂ ਦੁਨੀਆ ਦਾ 1987ਛੋਰਾ ਹਰਿਆਣੇ ਕਾ1990ਦੁਸ਼ਮਨੀ ਦੀ ਅੱਗ 1990ਕੁਰਬਾਨੀ ਜੱਟ ਦੀ .1990ਪਰਤਿੱਗਆ 1991 ਰੁਹਾਨੀ ਤਾਕਤ1992ਸਾਲੀ ਆਧੀ ਘਰ ਵਾਲੀ ਅਲਾਈਵ1994 ਕਚਹਿਰੀ ਗੁਰਦਾਸ/ 1995ਸੂਬੇਦਾਰ 1995ਬਗਾਵਤ 1999 ਸਿਰਫ਼ ਤੁਮ(ਹਿੰਦੀ)1999ਸ਼ਹੀਦ-ਏ-ਮੁਹੱਬਤ ਬੂਟਾ ਸਿੰਘ2000ਸ਼ਹੀਦ ਊਧਮ ਸਿੰਘ(ਮੂਵੀ ਬਾਕਸ)ਭਗਤ ਸਿੰਘ2002ਜ਼ਿੰਦਗੀ ਖ਼ੂਬਸੂਰਤ ਹੈ2004ਵੀਰ ਜ਼ਾਰਾ 2004ਦੇਸ ਹੋਇਆ ਪਰਦੇਸ (ਯੂਨੀਵਰਸਲ)2006ਵਾਰਿਸ ਸ਼ਾਹ - ਇਸ਼ਕ ਦਾ ਵਾਰਿਸ ਵਾਰਿਸ ਸ਼ਾਹ2007 2008ਯਾਰੀਆਂ(ਯੂਨੀਵਰਸਲ)2009ਮਿੰਨੀ ਪੰਜਾਬ 2010 ਸੁਖਮਨੀ .2010ਚੱਕ ਜਵਾਨਾ 2014ਦਿਲ ਵਿਲ ਪਿਆਰ ਵਿਆਰ 2017ਨਨਕਾਣਾ ਦੇ ਨਾਮ ਸ਼ਾਮਲ ਹਨ

ਪੰਜਾਬੀ ਗਾਇਕੀ ਅਤੇ ਫ਼ ?ਲਮ ਇੰਡਸਟਰੀ ਦਾ ਸਭ ਤੋਂ ਵੱਡਾ ਅਦਾਕਾਰ ਹੋਣ ਦੇ ਬਾਵਜੂਦ ਮਾਨ ਵਿੱਚ ਕੋਈ ਵੀ ਨਖਰਾ ਨਹੀਂ ਹੈ ਹੁਣ ਤਕ ਵੀ ਛੋਟੇ ਛੋਟੇ ਪਿੰਡਾਂ ਵਿੱਚ ਧਰਮ ਕਥਾਵਾਂ ਮੇਲਿਆਂ ਵਿੱਚ ਉਹ ਅਕਸਰ ਗਾਉਂਦੇ ਦੇਖੇ ਗਏ ਹਨ ਉਹ ਨਕੋਦਰ



ਸਥਿਤ ਡੇਰਾ ਬਾਬਾ ਮੁਰਾਦਸ਼ਾਹ ਟਰੱਸਟ ਦੇ ਚੇਅਰਮੈਨ

**ਗੁਰਭਿੰਦਰ ਗੁਰੀ 9855468092**

ਵੀ ਹਨ ਇਸ ਟਰੱਸਟ ਵੱਲੋਂ ਉੱਤਰਾਖੰਡ ਵਿਚ ਜੂਨ 2013 ਵਿੱਚ ਆਏ ਹੜ੍ਹ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਉਨ੍ਹਾਂ 11 ਲੱਖ ਰੁਪਏ ਦਾਨ ਕੀਤੇ ਗੁਰਦਾਸ ਮਾਨ ਦੇ ਵਿਆਹੁਤਾ ਜੀਵਨ ਬਾਰੇ ਗੱਲ ਕਰੀਏ ਤਾਂ ਉਨ੍ਹਾਂ ਦਾ ਵਿਆਹ ਮਨਜੀਤ ਮਾਨ ਨਾਲ ਹੋਇਆ ਉਨ੍ਹਾਂ ਦਾ ਇੱਕ ਲੜਕਾ ਗੁਰਇੱਕ ਮਾਨ ਵੀ ਹੈ ਜਿਹੜੇ ਕਿ ਇਨ੍ਹੀਂ ਦਿਨੀਂ ਪੰਜਾਬੀ ਫ਼ ?ਲਮ ਇੰਡਸਟਰੀ ਵਿੱਚ ਆਪਣੇ ਮਾਂ ਪਿਓ ਨਾਲ ਫ਼ਿਲਮ ਡਾਇਰੈਕਸ਼ਨ ਦਾ ਕੰਮ ਦੇਖ ਰਹੇ ਹਨ

ਮੌਤ ਦੇ ਮੂੰਹ ਵਿੱਚੋਂ ਦੋ ਵਾਰ ਬਚ ਕੇ ਨਿਕਲੇ ਮਾਨ ਸਾਹਿਬ ਦੇ ਜੀਵਨ ਵਿਚ ਦੋ ਵਾਰ ਅਜਿਹਾ ਪਲ ਵੀ ਆਇਆ ਹੈ ਜਦੋਂ ਉਨ੍ਹਾਂ ਦੀ ਜਾਨ ਤੇ ਬਣ ਗਈ ਇਹ ਪਲ 9 ਜਨਵਰੀ 2001ਨੂੰ ਰੋਪੜ ਕੋਲ ਹੋਇਆ ਇਕ ਭਿਆਨਕ ਸੜਕ ਹਾਦਸਾ ਸੀ ਇਸ ਹਾਦਸੇ ਵਿਚ ਇਨ੍ਹਾਂ ਦੇ ਡਰਾਈਵਰ ਤੇਜਪਾਲ ਦੀ ਮੌਤ ਹੋ ਗਈ ਤੇਜਪਾਲ ਨੂੰ ਗੁਰਦਾਸ ਮਾਨ ਆਪਣਾ ਚੰਗਾ ਦੋਸਤ ਮੰਨਦੇ ਮੰਨਦੇ ਸਨ ਤੇਜਪਾਲ ਦੀ ਯਾਦ ਨੂੰ ਸਮਰਪਤ ਇਕ ਗੀਤ ਗਾਇਆ ਹੈ ਕਿ ਵੇਲਾ ਸਾਡਾ ਆ ਗਿਆ ਸੀ ਜੱਗ ਤੋਂ ਜਾਣਦਾ ਘਰਾਂ ਵਿਚ ਬੈਠੀਆਂ ਜੋ ਪੁੱਤਾਂ ਦੀ ਉਡੀਕ ਲਈ ਐਸੀਆਂ ਲੱਖਾਂ ਕਰੋੜਾਂ ਮਾਵਾਂ ਦੀਆਂ ਦੁਆਵਾਂ ਨੇ ਬਚਾ ਲਿਆ .ਅੱਖ ਖੁੱਲ੍ਹੀ ਜਦੋਂ ਫੇਰ ਖੁਮਾਰੀ ਉਤਰ ਗਈ ਬੈਠੇ ਸਾਡੇ ਬੈਠੀ ਸਾਡੇ ਨਾਲ ਇੱਕ ਸਵਾਰੀ ਉਤਰ ਗਈ ਇਕ ਗੀਤ ਲਿਖਿਆ ਤੇ ਗਾਇਆ ਜੋ ਤੇਜਪਾਲ ਨੂੰ ਸਮਰਪਿਤ ਕੀਤਾ ਮਾਨਸਾ ਨਾਲ ਦੂਸਰਾ ਹਾਦਸਾ ਹਾਦਸਾ ਉਦੋਂ ਵਾਪਰਿਆ ਜਦੋਂ ਉਹ ਯੂਪੀ ਦੇ ਨੋਇਡਾ ਸ਼ਹਿਰ ਵਿਚ ਇਕ ਪ੍ਰੋਗਰਾਮ ਲਾ ਕੇ ਵਾਪਸ ਚੰਡੀਗੜ੍ਹ ਆ ਰਹੇ ਸਨ ਤਾਂ ਕਰਨਾਲ ਨੇੜੇ 20 ਜਨਵਰੀ 2007 ਨੂੰ ਉਨ੍ਹਾਂ ਦੀ ਕਾਰ ਟਰੱਕ ਨਾਲ ਟਕਰਾ ਗਈ ਇਸ ਘਟਨਾ ਵਿੱਚ ਵੀ ਗੁਰਦਾਸ ਮਾਨ ਨੂੰ ਬਹੁਤ ਸੱਟਾਂ ਲੱਗੀਆਂ ਪਰ ਉਨ੍ਹਾਂ ਦੇ ਪ੍ਰਸੰਸਕਾਂ ਦੀਆਂ ਦੁਆਵਾਂ ਨੇ ਉਨ੍ਹਾਂ ਨੂੰ ਫੇਰ ਬਚਾ ਲਿਆ ਉਂਜ ਤਾਂ ਮਾਨ ਦੇ ਨਾਂ ਕਈ ਸਨਮਾਨ ਅਤੇ ਪੁਰਸਕਾਰ ਦਰਜ ਹਨ ਪਰ ਸਤੰਬਰ 2010 ਵਿਚ ਬਰਤਾਨੀਆ ਦੇ ਬੋਲਵਰ ਹੈਂਪਟਨ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਵਿਸ਼ਵ ਸੰਗੀਤ ਵਿੱਚ ਡਾਕਟਰ ਦੀ ਉਪਾਧੀ ਨਾਲ ਸਨਮਾਨਤ ਕੀਤਾ 14ਦਸੰਬਰ 2012 ਨੂੰਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 36ਸਮਾਰੋਹ ਵਿੱਚ ਰਾਜਪਾਲ ਨੇ ਡਾਕਟਰੇਟ ਆਫ ਲਿਟਰੇਚਰ ਦੀ ਉਪਾਧੀ ਨਾਲ ਸਨਮਾਨਤ ਕੀਤਾ ਇਨ੍ਹੀਂ ਦਿਨੀਂ ਗੁਰਦਾਸ ਮਾਨ ਆਪਣੀ ਪੰਜਾਬੀ ਫ਼ਿਲਮ ਪੰਜਾਬੀਏ ਜ਼ੁਬਾਨੇ ਦੀ ਸ਼ੂਟਿੰਗ ਵਿੱਚ ਰੁੱਝੇ ਹੋਏ ਸਨ ਇਸ ਫ਼ ?ਲਮ ਨੂੰ ਉਨ੍ਹਾਂ ਦੀ ਪਤਨੀ ਮਨਜੀਤ ਮਾਨ ਨੇ ਡਾਇਰੈਕਟ ਕੀਤਾ ਹੈ

ਗੁਰਦਾਸ ਮਾਨ 54 ਵੀਂ ਕੌਮੀ ਫਿਲਮ ਐਵਾਰਡਜ਼ ਵਿਚ ਸਰਬੋਤਮ ਮਰਦ ਪਲੇਬੈਕ ਗਾਇਕ ਲਈ ਰਾਸ਼ਟਰੀ ਪੁਰਸਕਾਰ ਲੈਣ ਵਾਲੇ ਇਕੋ ਇਕ ਪੰਜਾਬੀ ਗਾਇਕ ਹਨ, ਜਿਸ ਨੇ ਵਾਰਿਸ ਸ਼ਾਹ ਵਿਚ ਹੀਰ ਦੀ ਪੂਰੀ ਕਹਾਣੀ ਨੂੰ ਗਾਣੇ ਰਾਹੀਂ ਤਿਆਰ ਕੀਤਾ: ਵਾਰਿਸ ਸ਼ਾਹ: ਇਸ਼ਕ ਦਾ ਵਾਰਿਸ।

ਗੁਰਦਾਸ ਮਾਨ ਨੇ ਆਪਣੇ ਹਿੱਟ ਗੀਤ ÷ਦਿਲ ਦਾ ਮਾਮਲਾ ਹੈ÷ ਨਾਲ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ÷ਮਮਲਾ ਗੜਬੜ ਹੈ÷ ਅਤੇ ÷ਛੱਲਾ÷ ਆਇਆ, ਬਾਅਦ ਵਿਚ ਪੰਜਾਬੀ ਫ਼ ?ਲਮ 'ਲੌਂਗ ਦਾ ਲਿਸ਼ਕਾਰਾ (1986) ਦਾ ਹਿੱਟ ਫਿਲਮ ਗਾਣਾ ਸੀ, ਜਿਸ ਨੂੰ ਮਾਨ ਨੇ ਪ੍ਰਸਿੱਧ ਗਾਇਕ ਜਗਜੀਤ ਸਿੰਘ ਦੇ ਸੰਗੀਤ ਦੀ ਅਗਵਾਈ ਹੇਠ ਰਿਕਾਰਡ ਕੀਤਾ।

ਮਾਨ ਨੇ ਬਲਾਕਬੱਸਟਰ ਬਾਲੀਵੁੱਡ ਫਿਲਮਾਂ ਵਿਚ ਅਭਿਨੈ ਕੀਤਾ ਹੈ ਅਤੇ 2005 ਵਿਚ ਭਾਰਤ ਦੇ ਰਾਸ਼ਟਰਪਤੀ ਦੁਆਰਾ ਉਨ੍ਹਾਂ ਨੂੰ ਜੂਰੀ ਅਵਾਰਡ ਸਮੇਤ ਬਹੁਤ ਸਾਰੇ ਪੁਰਸਕਾਰ ਪ੍ਰਾਪਤ ਹੋਏ ਹਨ। ਉਨ੍ਹਾਂ ਨੇ ਪ੍ਰਸਿੱਧ ਟਰੈਕ 'ਕੀ ਬਣੂ ਦੁਨੀਆਂ ਦਾ' ਤੇ 'ਕੋਕ ਸਟੂਡੀਓ ਐਮਟੀਵੀ ਸੈਸ਼ਨ 4' ਵੀ ਗਾਇਆ। ਇਹ ਗੀਤ 15 ਅਗਸਤ 2015 ਨੂੰ ਰਿਲੀਜ਼ ਕੀਤਾ ਗਿਆ ਅਤੇ ਇਸਨੇ 1 ਹਫਤੇ ਵਿਚ ਯੂਟਿਊਬ ਉੱਤੇ 3 ਮਿਲੀਅਨ ਤੋਂ ਵੱਧ ਵਿਯੂਜ਼ ਦਰਜ ਕੀਤੇ। 2009 ਵਿਚ ਉਸ ਨੇ 'ਬੂਟ ਪਾਲਿਸ਼ਾਂ' ਗੀਤ ਲਈ ਯੂਕੇ ਏਸ਼ੀਅਨ ਮਿਊਜ਼ਿਕ ਐਵਾਰਡਜ਼ ਵਿਚ ÷ਬੈਸਟ ਇੰਟਰਨੈਸ਼ਨਲ ਐਲਬਮ÷ ਵੀ ਜਿੱਤਿਆ।

**ਵਾਦ ਵਿਵਾਦ**

ਬਹੁਤ ਹੀ ਸੁਲਝੇ ਹੋਏ ਵਿਦਵਾਨ .ਪੰਜਾਬੀ ਦੇ ਉੱਚਕੋਟੀ ਦੇ ਲਿਖਾਰੀ. ਗਾਇਕ.ਫਿਲਮ ਐਕਟਰ .ਕੋਰੀਓਗ੍ਰਾਫਰ .ਮਿਊਜ਼ਿਕ ਤੇ ਮਾਹਰ ਗੁਰਦਾਸ ਮਾਨ ਨੇ ਆਪਣੀ ਜ਼ਿੰਦਗੀ ਵਿੱਚ ਜੋ ਲਿਖਿਆ ਤੇ ਗਾਇਆ ਉਸ ਵੱਲ ਕੋਈ ਉਂਗਲ ਨਹੀਂ ਕਰ ਸਕਦਾ ਉਨ੍ਹਾਂ ਦੀ ਪੂਰੀ ਜ਼ਿੰਦਗੀ ਸਾਫ ਸੁਥਰੀ ਇਕ ਪਾਣੀ ਦੀ ਤਰ੍ਹਾਂ ਸਾਫ਼ ਰਹੀ ਹੈ ਪਰ ਜ਼ਿੰਦਗੀ ਦੇ ਆਖ਼ਰੀ ਪੜਾਅ ਵੱਲ ਵਧ ਰਹੇ ਮਾਨ ਨੂੰ ਵਿਵਾਦਾਂ ਨੇ ਆਖਰ ਘੇਰ ਹੀ ਲਿਆ ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਫਿੱਕੀ ਪੈ ਗਈ ਤੇਰੇ ਚਿਹਰੇ ਦੀ ਨੁਹਾਰ ਨੀਂ ਗਾਉਣ ਵਾਲੇ ਮਾਨ ਸਾਹਿਬ ਨੇ ਇੱਕ ਸ਼ੋਅ ਦੌਰਾਨ ਕਿਹਾ ਕਿ ਮੈਂ ਪੰਜਾਬੀ ਬੋਲੀ ਦਾ ਸਾਰੀ ਜ਼ਿੰਦਗੀ ਦੇਣਾ ਨਹੀਂ ਦੇ ਸਕਦਾ ਬਹੁਤੀ ਰਿਣੀ ਹਾਂ ਜਿਸ ਬੋਲੀ ਨੇ ਮੈਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਇਆ ਮੈਂ ਉਸ ਵਾਰੇ ਮਾੜਾ ਕਿਵੇਂ ਸੋਚ ਸਕਦਾ ਹਾਂ ਉਨ੍ਹਾਂ ਕਿਹਾ ਕਿ ਮੈਂ ਤਾਂ ਅੱਜ ਤੋ ਬਹੁਤ ਸਾਲ ਪਹਿਲਾਂ ਇਹ ਵੀ ਗਾਇਆ ਸੀ ਕਿਵੀ ਹਰ ਬੋਲੀ ਸਿੱਖੋ ਸਿੱਖਣੀ ਵੀ ਚਾਹੀਦੀ ਪਰ ਪੱਕੀ ਦੇਖ ਕੇ ਕੱਚੀ ਨਹੀਂ ਢਾਈਦੀ ਕਹਿਣ ਦਾ ਭਾਵ ਕੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਨਹੀਂ ਭੁੱਲਣਾ ਹੋਰ ਬੋਲੀਆਂ ਸਿੱਖੋ ਸਿੱਖਣ ਵਿੱਚ ਕੋਈ ਹਰਜ਼ ਨਹੀਂ ਹਿੰਦੀ ਨੂੰ ਉਨ੍ਹਾਂ ਨੇ ਮਾਸੀ ਕਿਹਾ ਇਸ ਗੱਲ ਤੇ ਹੀ ਵਿਵਾਦ ਖੜ੍ਹਾ ਹੋ ਗਿਆ ਉਨ੍ਹਾਂ ਨੇ ਮੁਆਫੀ ਵੀ ਮੰਗ ਲਈ ਇਸ ਵਿਵਾਦ ਤੋਂ ਇਹੀ ਉਨ੍ਹਾਂ ਦਾ ਵੱਡਾ ਵਡੱਪਣ ਹੈ ਪਰ ਸ਼ੋਅ ਦੌਰਾਨ ਮਾਨ ਸਾਹਿਬ ਜੋ ਤਲਖ਼ੀ ਵਿੱਚ ਆ ਗਏ ਉਸ ਕਾਰਨ ਮਾਨ ਦਾ ਕਾਫ਼ੀ ਵਿਰੋਧ ਵੀ ਹੋਇਆ ਦੂਸਰਾ ਵਿਵਾਦ ਡੇਰਾ ਮੁਰਾਦ ਸ਼ਾਹ ਨਕੋਦਰ ਵਿਖੇ ਮਾਨ ਵੱਲੋਂ ਲਾਡੀ ਸ਼ਾਹ ਨੂੰ ਗੁਰੂ ਅਮਰਦਾਸ ਜੀ ਦਾ ਵੰਸ ਕਹਿਣ ਤੇ ਕਾਫ਼ੀ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਤੇ ਉਨ੍ਹਾਂ ਤੇ ਐੱਫਆਈਆਰ ਦਰਜ ਵੀ ਹੋਈ ਅਤੇ ਫਿਰ ਉਨ੍ਹਾਂ ਨੇ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਲੈ ਲਈ

ਕਿਸਾਨ ਜਥੇਬੰਦੀਆਂ ਵੱਲੋਂ ਮੋਦੀ ਸਰਕਾਰ ਤੇ ਕਿਸਾਨਾਂ ਵਿਰੁੱਧ ਜਾਰੀ ਕੀਤੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਜੋ ਧਰਨਾ ਦਿੱਲੀ ਵਿਖੇ ਲਗਾਇਆ ਗਿਆ ਸੀ ਉਸ ਧਰਨੇ ਵਿਚ ਸ਼ਮੂਲੀਅਤ ਕਰਕੇ ਮਾਨ ਸਾਬ ?ਹ ਜਦੋਂ ਸਟੇਜ ਤੋਂ ਬੋਲਣ ਲਈ ਉੱਠੇ ਤਾਂ ਕੁਝ ਲੋਕਾਂ ਨੇ ਇਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਵਕਤ ਉਨ੍ਹਾਂ ਨੇ ਬੜੇ ਹੀ ਦੁਖੀ ਮਨ ਨਾਲ ਕਿਹਾ ਕਿ ਮੈਂ ਪੰਜਾਬੀ ਮਾਂ ਬੋਲੀ ਦੀ ਚਾਲੀ ਸਾਲ ਸੇਵਾ ਕੀਤੀ ਹੈ ਤੇ ਜੋ ਨਿਰੰਤਰ ਜਾਰੀ ਹੈ ਮੈਂ ਤਾਂ ਗਲਤੀ ਦੀ ਭੁੱਲ ਚੁੱਕ ਖੇਮਾ ਵੀ ਮੰਗ ਲਈ ਹੈ ਫਿਰ ਇਹ ਵਿਵਾਦ ਕਿਉਂ ਸਾਡੀ ਰਾਇ ਮੁਤਾਬਕ ਲੋਕਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਮਾਨ ਸਾਹਿਬ ਨੇ ਆਪਣੀ ਪੂਰੀ ਜ਼ਿੰਦਗੀ ਪੰਜਾਬੀ ਮਾਂ ਬੋਲੀ ਦੇ ਲੇਖੇ ਲਾ ਦਿੱਤੀ ਕਿ ਉਨ੍ਹਾਂ ਨੂੰ ਅਜਿਹਾ ਸਲੂਕ ਨਹੀਂ ਕਰਨਾ ਚਾਹੀਦਾ ਸੀ ਮਾਨ ਨਾਲ ਜੋ ਕਿ ਬਹੁਤ ਹੀ ਮੰਦਭਾਗਾ ਸਲੂਕ ਕੀਤਾ ਪੰਜਾਬੀ ਮਾਂ ਬੋਲੀ ਲਈ ਮਾਨ ਸਾਹਿਬ ਨੇ ਜੋ ਕੁਝ ਕੀਤਾ ਸ਼ਾਇਦ ਹੀ ਕੋਈ ਹੋਰ ਕਲਾਕਾਰ ਜ਼ਿੰਦਗੀ ਚ ਕਰ ਪਾਊਂਗਾ ਜੋ ਇਨਸਾਨ ਇਸ ਧਰਤੀ ਤੇ ਆਇਆ ਹੈ ਆਖਰ ਨੂੰ ਉਸ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਕੇ ਡਿਊਟੀ ਪੂਰੀ ਕਰਦਿਆਂ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਜਾਣਾ ਹੈ ਇਹੋ ਇੱਕ ਪੰਜਾਬੀਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਗੁਰਦਾਸ ਮਾਨ ਮਾਨ ਤੋਂ ਬਾਅਦ ਪੰਜਾਬੀ ਮਾਂ ਬੋਲੀ ਨੂੰ ਜਿਊਂਦਾ ਰੱਖਣ ਵਾਲਾ ਹਾਲੇ ਤੱਕ ਕੋਈ ਵੀ ਪੈਦਾ ਨਹੀਂ ਹੋਇਆ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਗੁਰਦਾਸ ਮਾਨ ਪ੍ਰਮਾਤਮਾ ਤੰਦਰੁਸਤੀ ਬਖਸ਼ੇ ਤਾਂ ਕਿ ਉਹ ਸਾਡੀ ਮਾਂ ਬੋਲੀ ਪੰਜਾਬੀ ਪੰਜਾਬ ਤੇ ਪੰਜਾਬੀਅਤ ਦੀ ਸੇਵਾ ਜਿਊਣ ਜੋਗਾ ਮਾਨ ਇਸੇ ਤਰ੍ਹਾਂ ਕਰਦਾ ਰਹੇ

Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 285
Website: www.preetnama.com Email preetnamausa@gmail.com
03 JAN TO 09 JAN , 2024

# ਖ਼ੂਨੀ ਡੋਰ ਦਾ ਅੰਤ ਕਦੋਂ ਹੋਵੇਗਾ... ?



ਬਰਜਿੰਦਰ ਕੌਰ ਬਿਸਰਾਓ...
9988901324

ਪੰਜਾਬ ਵਿੱਚ ਸਰਦੀਆਂ ਦੇ ਸ਼ੁਰੂ ਹੁੰਦਿਆਂ ਹੀ ਬੱਚੇ ਛੱਤਾਂ 'ਤੇ ਚੜ੍ਹਕੇ ਪਤੰਗ ਚੜ੍ਹਾਉਂਦੇ ਨਜ਼ਰ ਆਉਣ ਲੱਗਦੇ ਹਨ। ਜਿਹੜੇ ਇਲਾਕਿਆਂ ਵਿੱਚ ਪਤੰਗਬਾਜ਼ੀ ਦਾ ਜ਼ਿਆਦਾ ਜ਼ੋਰ ਹੁੰਦਾ ਹੈ ਉੱਥੇ ਪ੍ਰਵਾਸੀ ਮਜ਼ਦੂਰਾਂ ਦੇ ਬੱਚੇ ਗਲ ?ੀਆਂ ਵਿੱਚ ਟੋਲੀਆਂ ਬਣਾ ਕੇ ਪਤੰਗ ਲੁੱਟਦੇ ਨਜ਼ਰ ਆਉਂਦੇ ਹਨ, ਉਹਨਾਂ ਦੇ ਹੱਥ ਵਿੱਚ ਲੁੱਟ ਕੇ ਕਈ ਕਈ ਪਤੰਗ ਫ਼ੜੇ ਨਜ਼ਰ ਆਉਂਦੇ ਹਨ। ਉਹਨਾਂ ਨੂੰ ਕਦੇ ਪਤੰਗ ਚੜ੍ਹਾਉਂਦੇ ਤਾਂ ਨਹੀਂ ਦੇਖਿਆ ਜਾਂਦਾ ਪਰ ਉਹ ਪਤੰਗ ਲੁੱਟ ਕੇ ਉਸ ਨਾਲ ? ਲੱਗੀ ਵਾਧੂ ਡੋਰ ਨੂੰ ਤੋੜ ਕੇ ਉਸੇ ਤਰ੍ਹਾਂ ਗਲ ?ੀਆਂ ਵਿੱਚ ਛੱਡ ਦਿੰਦੇ ਹਨ ਜੋ ਪੈਦਲ ਜਾਂ ਦੋ ਪਹੀਆ ਵਾਹਨਾਂ ਵਾਲੇ ਰਾਹਗੀਰਾਂ ਲਈ ਮੁਸੀਬਤ ਬਣਦੀ ਹੈ, ਇੱਥੋਂ ਤੱਕ ਕਿ ਕਈਆਂ ਦੀ ਤਾਂ ਜਾਨ ਤੇ ਵੀ ਭਾਰੂ ਪੈ ਜਾਂਦੀ ਹੈ। ਬਿਜਲੀ ਦੇ ਖੰਭਿਆਂ ਅਤੇ ਤਾਰਾਂ ਤੇ ਲਟਕਦੀ ਪਲਾਸਟਿਕ ਡੋਰ ਪਸ਼ੂ - ਪੰਛੀਆਂ ਅਤੇ ਬੇਜ਼ੁਬਾਨਾਂ ਦੀਆਂ ਜ਼ਿੰਦਗੀਆਂ ਉੱਪਰ ਵੀ ਭਾਰੂ ਪੈਂਦੀ ਨਜ਼ਰ ਆ ਰਹੀ ਹੈ । ਪਹਿਲਾਂ ਡੋਰ ਸੂਤੀ ਧਾਗੇ ਨਾਲ ਤਿਆਰ ਹੁੰਦੀ ਸੀ । ਪਰ ਬੀਤੇ ਕੁਝ ਵਰ੍ ?ਆਂ ਤੋਂ ਹੋਂਦ ਵਿੱਚ ਆਈ ਇਹ ਪਲਾਸਟਿਕ ਡੋਰ ਬੱਚਿਆਂ ਅਤੇ ਵੱਡਿਆਂ ਦੀ ਪਹਿਲੀ ਪਸੰਦ ਬਣ ਗਈ ਹੈ ।ਇਹ ਡੋਰ ਮਨੁੱਖੀ ਜੀਵਨ ਅਤੇ ਪਸ਼ੂ - ਪੰਛੀਆਂ ਲਈ ਕਾਲ ਬਣਦੀ ਜਾ ਰਹੀ ਹੈ । ਇਸ ਡੋਰ ਦੀ ਲਪੇਟ ਵਿੱਚ ਆਉਣ ਕਾਰਨ ਜਿੱਥੇ ਹਰ ਸਾਲ ਕੀਮਤੀ ਜ਼ਿੰਦਗੀਆਂ ਖ਼ਤਮ ਹੁੰਦੀਆਂ ਹਨ ਉੱਥੇ ਵੱਡੇ ਪੱਧਰ 'ਤੇ ਮਾਸੂਮ ਤੇ ਲਾਚਾਰ ਪਸ਼ੂ - ਪੰਛੀ ਵੀ ਕਾਲ ਦੇ ਮੂੰਹ ਵਿੱਚ ਚਲੇ ਜਾਂਦੇ ਹਨ । ਅਕਸਰ ਬਿਜਲੀ ਦੀਆਂ ਹਾਈਵੋਲਟੇਜ ਤਾਰਾਂ ਜਾਂ ਖੰਭਿਆਂ ਜਾਂ ਉੱਚੇ ਉੱਚੇ ਦਰਖਤਾਂ ਵਿੱਚ ਫਸੀ ਇਸ ਡੋਰ ਵਿੱਚ ਸਾਡੀ ਕੁਦਰਤ ਦਾ ਅਨਮੋਲ ਖ਼ਜ਼ਾਨਾ ਕਬੂਤਰ, ਕਾਂ, ਘੁੱਗੀਆਂ,ਚਿੜੀਆਂ ਭਾਵ ਪੰਛੀ ਫ਼ਸ ਕੇ ਤੜਫ ਤੜਫ ਕੇ ਮਰ ਜਾਂਦੇ ਹਨ। ਪਸ਼ੂਆਂ ਦੀਆਂ ਅੱਖਾਂ ਜਾਂ ਗਰਦਨਾਂ ਤੇ ਵੱਡੇ ਕੱਟ ਲੱਗ ਕੇ ਖ਼ੂਨ ਵਹਿ ਵਹਿ ਕੇ ਤੜਫਦੇ ਨਜ਼ਰ ਆਉਂਦੇ ਹਨ। ਪੈਦਲ ਜਾਂਦੇ ਲੋਕਾਂ ਦੇ ਪੈਰਾਂ ਵਿੱਚ ਪਲਾਸਟਿਕ ਡੋਰ ਫਸਦੀ ਹੈ ਤਾਂ ਕਿੰਨਾ ਕਿੰਨਾ ਚਿਰ ਉਸ ਵਿੱਚ ਉਲ ?ਝੇ ਨਜ਼ਰ ਆਉਂਦੇ ਹਨ । ਹੁਣ ਤੱਕ ਕਈ ਦੋ ਪਹੀਆ ਵਾਹਨਾਂ ਵਾਲੇ ਲੋਕਾਂ ਦੇ ਗਰਦਨ ਵਿੱਚ ਫਸਕੇ ਕਈਆਂ ਨੂੰ ਮੌਤ ਦੇ ਘਾਟ ਉਤਾਰ ਚੁੱਕੀ ਹੈ।

ਭਾਵੇਂ ਹਰ ਸਾਲ ਸਰਕਾਰਾਂ ਵੱਲੋਂ ਹੁਕਮ ਜਾਰੀ ਕਰ ਕੇ ਸੂਬੇ ਭਰ ਅੰਦਰ ਇਸ ਪਲਾਸਟਿਕ ਡੋਰ ਦੀ ਵਿਕਰੀ ਅਤੇ ਸਪਲਾਈ ' ਤੇ ਮੁਕੰਮਲ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ਤੇ ਦੱਸਿਆ ਜਾਂਦਾ ਹੈ ਕਿ ਪਤੰਗਬਾਜ਼ੀ ਲਈ ਧਾਗੇ , ਕੱਚ ਜਾਂ ਕਿਸੇ ਧਾਤ ਰਾਹੀਂ ਤਿੱਖੀ ਬਣਾਈ ਅਤੇ ਸਿੰਥੈਟਿਕ ਧਾਗੇ ਨਾਲ ਪਤੰਗਬਾਜ਼ੀ ਕਰਨਾ ਕਾਨੂੰਨੀ ਜੁਰਮ ਹੈ ਪਰ ਫਿਰ ਵੀ ਹਰ ਸਾਲ ਹੀ ਇਸ ਦੀ ਵਿਕਰੀ ਜ਼ੋਰਾਂ ਸ਼ੋਰਾਂ ਤੇ ਹੋ ਕੇ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਇਸ ਕਿਸਮ ਦੀਆਂ ਡੋਰਾਂ ਦੀ ਵਰਤੋਂ ਨਾਲ ਧਰਤੀ ਦਾ ਵਾਤਾਵਰਨ ਦੂਸ਼ਿਤ ਹੋਣ ਦੇ ਨਾਲ ਨਾਲ ਜਿੱਥੇ ਇਨਸਾਨਾਂ ਅਤੇ ਪਸ਼ੂਆਂ - ਪੰਛੀਆਂ ਨੂੰ ਭਾਰੀ ਨੁਕਸਾਨ ਹੁੰਦਾ ਹੈ ਉੱਥੇ ਹੀ ਇਹ ਡੋਰ ਵਰਤਣ ਵਾਲੇ ਲੋਕਾਂ ਵੱਲੋਂ ਨੈਤਿਕ ਕਦਰਾਂ ਕੀਮਤਾਂ ਦੀ ਘਾਟ ਵੀ ਝਲਕਦੀ ਹੈ। ਉਹਨਾਂ ਦੀ ਆਪਣੇ ਸਮਾਜ ਪ੍ਰਤੀ ਫ਼ਰਜ਼ਾਂ ਨੂੰ ਵੀ ਅਣਗੌਲਿਆਂ ਕਰਨ ਅਤੇ ਲਾਪਰਵਾਹੀ ਦੀ ਗੱਲ ਸਾਹਮਣੇ ਆਉਂਦੀ ਹੈ ।ਇਸ ਡੋਰ ਦੀ ਵਿਕਰੀ ਅਤੇ ਵਰਤੋਂ ਕਰਨ ਵਾਲੇ ਲੋਕ ਇਹ ਭੁੱਲ ਜਾਂਦੇ ਹਨ ਕਿ ਇਸ ਡੋਰ ਦੇ ਆਤੰਕ ਦਾ ਅਗਲਾ ਨਿਸ਼ਾਨਾ ਉਹ ਜਾਂ ਉਹਨਾਂ ਦਾ ਆਪਣਾ ਵੀ ਕੋਈ ਹੋ ਸਕਦਾ ਹੈ।

ਹਰ ਸਾਲ ਜ਼ਿਲ੍ਹਾ ਪੱਧਰ 'ਤੇ ਪ੍ਰਸ਼ਾਸਨ ਸਰਕਾਰੀ ਹੁਕਮਾਂ ਦੀ ਪਾਲਣਾ ਕਰਵਾਉਣ ਵਿਚ ਕੋਈ ਵੱਡੀ ਸਫ਼ਲਤਾ ਹਾਸਿਲ ਨਹੀਂ ਕਰ ਸਕਿਆ ਹੈ। ਪਲਾਸਟਿਕ ਅਤੇ ਕੱਚ ਲੱਗੀ ਡੋਰ ਦੀ ਵਰਤੋਂ ਹਰ ਵਰ੍ਹੇ ਵਧਦੀ ਹੀ ਜਾ ਰਹੀ ਹੈ ,ਹਜੇ ਸਰਦੀ ਦੀ ਸ਼ੁਰੂਆਤ ਹੀ ਹੈ , ਹੁਣੇ ਤੋਂ ਹੀ ਇਸ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਚਾਹੇ ਬਹੁਤੀਆਂ ਸਮਾਜ ਸੇਵੀ ਸੰਸਥਾਵਾਂ, ਵਾਤਾਵਰਨ ਪ੍ਰੇਮੀਆਂ, ਜਗਿਆਸੂਆਂ ਅਤੇ ਕਈ ਵੈਲਫੇਅਰ ਸੁਸਾਇਟੀਆਂ ਨਾਲ ਜੁੜੇ ਲੋਕਾਂ ਵੱਲੋਂ ਸਕੂਲਾਂ - ਕਾਲਜਾਂ ਵਿੱਚ ਜਾ ਕੇ ਇਸ ਡੋਰ ਦੇ ਨੁਕਸਾਨ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਂਦਾ ਹੈ ।ਇਸ ਤਰ੍ਹਾਂ ਕਰਨਾ ਇੱਕ ਚੰਗਾ ਸੰਕੇਤ ਤਾਂ ਹੈ ਪਰ ਇਸ ਨੂੰ ਅਮਲੀ ਰੂਪ ਵਿੱਚ ਕਿੰਨੇ ਕੁ ਲੋਕਾਂ ਵੱਲੋਂ ਅਪਣਾਇਆ ਜਾਂਦਾ ਹੈ,ਇਹ ਵੀ ਝਾਤੀ ਮਾਰਨ ਦੀ ਲੋੜ ਹੈ ਅਤੇ ਇਸ ਨੂੰ ਹਰ ਹੀਲੇ ਲਾਗੂ ਕਰਵਾਉਣਾ ਵੀ ਇੱਕ ਵੱਡੀ ਚੁਣੌਤੀ ਹੈ।

ਹਰ ਆਮ ਨਾਗਰਿਕ ਦਾ ਇਸ ਪ੍ਰਤੀ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਇਸ ਡੋਰ ਦਾ ਆਪ ਮੁਕੰਮਲ ਤੌਰ ਤੇ ਬਾਈਕਾਟ ਕਰਕੇ ਅਤੇ ਦੂਜਿਆਂ ਨੂੰ ਵੀ ਬਾਈਕਾਟ ਕਰਨ ਲਈ ਪ੍ਰੇਰਿਤ ਕਰੇ । ਇਹ ਸ਼ੁਰੂਆਤ ਪਹਿਲਾਂ ਖ਼ੁਦ ਦੇ ਘਰ ਤੋਂ ਕਰਨੀ ਹੋਵੇਗੀ ਕਿਉਂਕਿ ਜੇ ਆਪਣੇ ਬੱਚਿਆਂ ਨੂੰ ਇਸ ਡੋਰ ਦੇ ਬੁਰੇ ਪ੍ਰਭਾਵ ਤੋਂ ਜਾਣੂ ਕਰਵਾਉਣ ਵਿੱਚ ਸਫ਼ਲ ਹੋ ਗਏ ਤਾਂ ਇਸ ਜਾਨਲੇਵਾ ਡੋਰ ਦਾ ਅੰਤ ਕਰਕੇ ਅਨੇਕਾਂ ਕੀਮਤੀ ਮਨੁੱਖੀ ਅਤੇ ਪਸ਼ੂ - ਪੰਛੀਆਂ ਦੀਆਂ ਜਾਨਾਂ ਬਚਾਉਣ ਵਿਚ ਅਹਿਮ ਭੂਮਿਕਾ ਅਦਾ ਕਰ ਸਕਦੇ ਹਾਂ । ਇਸ ਲਈ ਆਪਣੇ ਬੱਚਿਆਂ ਨੂੰ ਇਸ ਪਲਾਸਟਿਕ ਡੋਰ ਨਾਲ ਪਿਛਲੇ ਲੰਬੇ ਅਰਸੇ ਤੋਂ ਹੁੰਦੇ ਆ ਰਹੇ ਹਾਦਸਿਆਂ ਤੋਂ ਜਾਣੂੰ ਕਰਵਾਇਆ ਜਾਵੇ ਤਾਂ ਜੋ ਬੱਚਿਆਂ ਵੱਲੋਂ ਜਾਣ ਬੁੱਝ ਕੇ ਖਰੀਦੀ ਇਸ ਡੋਰ ਤੋਂ ਜਾਣੇ ਅਤੇ ਅਣਜਾਣੇ ਵਿੱਚ ਹੋਣ ਵਾਲੇ ਗੁਨਾਹਾਂ ਬਾਰੇ ਉਹਨਾਂ ਨੂੰ ਸਮਝਾਇਆ ਜਾ ਸਕੇ।

ਚਾਹੇ ਸਾਡੀ ਸਰਕਾਰ ਵਲੋਂ ਇਸ ਪਲਾਸਟਿਕ ਡੋਰ ਤੇ ਪਾਬੰਦੀ ਲਗਾਈ ਹੋਈ ਹੈ। ਪਰ ਫਿਰ ਵੀ ਦੁਕਾਨਦਾਰਾਂ ਵੱਲੋਂ ਇਹ ਡੋਰ ਦੁਕਾਨ ਤੇ ਨਾ ਰੱਖ ਕੇ ਕਿਤੇ ਹੋਰ ਗੁਪਤ ਜਗ ?ਹਾ ਤੇ ਰੱਖ ਕੇ ਇਸ ਦੀ ਗੈਰਕਨੂੰਨੀ ਤਰੀਕੇ ਨਾਲ ਵਿਕਰੀ ਕੀਤੀ ਜਾਂਦੀ ਹੈ। ਜਦ ਵੀ ਪੁਲਿਸ ਵੱਲੋਂ ਦਕਾਨਾਂ ਤੇ ਛਾਪਾ ਮਾਰਿਆ ਜਾਂਦਾ ਹੈ ਤਾਂ ਪੁਲਿਸ ਦੇ ਹੱਥ ਪੱਲੇ ਕੁਝ ਨਹੀਂ ਪੈਂਦਾ। ਸੋਚਣ ਦੀ ਗੱਲ ਤਾਂ ਇਹ ਹੈ ਕਿ ਜੇ ਇਸ ਡੋਰ ਨੂੰ ਸਪਲਾਈ ਕਰਨ ਵਾਲਿਆਂ ਤੇ ਨਕੇਲ ਪਾਈ ਜਾਏ ਤਾਂ ਉਹ ਮਾਰਕੀਟ ਵਿੱਚ ਕਿਵੇਂ ਆ ਜਾਵੇਗੀ ? ਇਸ ਦੇ ਲਈ ਪਤੰਗਬਾਜ਼ੀ ਕਰਨ ਵਾਲਿਆਂ ਤੇ ਜੇ ਸਬੰਧਤ ਥਾਣਿਆਂ ਵੱਲੋਂ ਮੁਹੱਲਿਆਂ ਜਾਂ ਸੁਸਾਇਟੀਆਂ ਨੂੰ ਸਖ਼ਤ ਨਿਰਦੇਸ਼ ਦੇ ਕੇ ਇਮਾਨਦਾਰੀ ਨਾਲ ਕਾਰਵਾਈਆਂ ਕੀਤੀਆਂ ਜਾਣ ਤਾਂ ਇਸ ਖ਼ੂਨੀ ਡੋਰ ਦੇ ਆਤੰਕ ਦਾ ਅੰਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ।

ਜੇ ਆਪਾਂ ਹੁਣ ਦੀ ਗੱਲ ਕਰੀਏ ਤਾਂ ਆਪਣੇ ਆਲ ? ਦੁਆਲ ? ਜਾਂ ਰਸਤਿਆਂ ਵਿੱਚ ਜਾਂਦਿਆਂ ਝਾਤ ਮਾਰੀਏ ਤਾਂ ਬੱਚੇ ਹੁਣ ਤੋਂ ਹੀ ਛੱਤਾਂ ਤੇ ਚੜ੍ਹਕੇ ਪਤੰਗਬਾਜ਼ੀ ਕਰਦੇ ਨਜ਼ਰ ਆ ਰਹੇ ਹਨ ,ਕੀ ਉਹਨਾਂ ਵੱਲੋਂ ਵਰਤੀ ਜਾ ਰਹੀ ਡੋਰ ਚੈੱਕ ਕਰਨ ਲਈ ਕੋਈ ਗੁਆਂਢੀ, ਪ੍ਰਧਾਨ ਜਾਂ ਕਾਨੂੰਨ ਆਇਆ ਹੈ ? ਉਹੀ ਮਾਂ ਬਾਪ ਹਨ ਜੋ ਉਹਨਾਂ ਨੂੰ ਇਹ ਜਾਨਲੇਵਾ ਡੋਰ ਖ਼ਰੀਦ ਕੇ ਦਿੰਦੇ ਹਨ। ਅੱਜ ਵੀ ਗਲ ?ੀਆਂ ਜਾਂ ਛੱਤਾਂ ਉੱਤੇ ਇਹ ਡੋਰ ਆਮ ਹੀ ਪੈਰਾਂ ਵਿੱਚ ਫ਼ਸ ਰਹੀ ਹੈ ਪਰ ਹਜੇ ਤੱਕ ਇਹਨਾਂ ਉੱਤੇ ਕੋਈ ਕਾਰਵਾਈ ਹੁੰਦੀ ਨਹੀਂ ਦੇਖੀ ਜਾ ਰਹੀ। ਸੰਘਣੇ ਕੋਹਰੇ ਨਾਲ ਗਿੱਲੀ ਹੋਈ ਪਲਾਸਟਿਕ ਦੀ ਡੋਰ ਬਿਜਲੀ ਦੇ ਖੰਭਿਆਂ ਤੇ ਤਾਰਾਂ ਨਾਲ ਜੁੜ ਕੇ ਚੰਗਿਆੜੇ ਛੱਡਦੀ ਨਜ਼ਰ ਆਉਂਦੀ ਹੈ ਤੇ ਉਹੀ ਡੋਰ ਲਮਕਦੀ ਹੋਈ ਰਾਹਗੀਰਾਂ ਲਈ ਵੀ ਮੌਤ ਦਾ ਕਾਰਨ ਬਣ ਸਕਦੀ ਹੈ। ਜੇ ਕੋਈ ਭੱਦਰ ਪੁਰਸ਼ ਐਧਰ ਓਧਰ ਲਮਕਦੀਆਂ ਡੋਰਾਂ ਨੂੰ ਹਟਾਉਣ ਦਾ ਕੰਮ ਕਰਨਾ ਵੀ ਚਾਹੇ ਤਾਂ ਉਹ ਚਾਹ ਕੇ ਵੀ ਨਹੀਂ ਕਰ ਸਕਦਾ ਕਿਉਂਕਿ ਹਾਈਵੋਲਟੇਜ ਤਾਰਾਂ ਨੂੰ ਛੂਹੰਦੀਆਂ ਡੋਰਾਂ ਨੂੰ ਹੱਥ ਲਾਉਣਾ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ। ਚਾਹੇ ਸਰਕਾਰਾਂ ਜਾਂ ਕਾਨੂੰਨ ਵੱਲੋਂ ਵਾਅਦੇ ਤਾਂ ਕੀਤੇ ਜਾਂਦੇ ਹਨ ਪਰ ਉਹਨਾਂ ਤੇ ਅਮਲ ਕਿੰਨਾ ਹੁੰਦਾ ਹੈ ਹੁਣ ਇਹ ਵੇਖਣ ਵਾਲ ?ੀ ਗੱਲ ਹੋਵੇਗੀ ਕਿਉਂਕਿ ਆਮ ਛੋਟੇ ਮੁਹੱਲਿਆਂ ਵਿੱਚ ਹੁਣ ਤੋਂ ਹੀ ਬੱਚੇ ਇਸ ਡੋਰ ਦਾ ਇਸਤੇਮਾਲ ਕਰਕੇ ਕਾਨੂੰਨ ਨੂੰ ਦੰਦੀਆਂ ਚਿੜਾਉਂਦੇ ਨਜ਼ਰ ਆ ਰਹੇ ਹਨ। ਅੱਜ ਵੀ ਜਦ ਛੱਤਾਂ ਤੇ ਡਿੱਗੀ ਜਾਂ ਬੂਹੇ ਵਿੱਚ ਪੈਰਾਂ ਵਿੱਚ ਫਸਦੀ ਡੋਰ ਨੂੰ ਸਮੇਟਦੀ ਹਾਂ ਤਾਂ ਮਨ ਵਿੱਚ ਸਵਾਲ ਜ਼ਰੂਰ ਉੱਠਦਾ ਹੈ ਕਿ ਖ਼ੂਨੀ ਡੋਰ ਦੀ ਵਿਕਰੀ ਅਤੇ ਵਰਤੋਂ ਤੇ ਕਦੋਂ ਨੱਥ ਪਏਗੀ ?



# ਗਰੀਬਾਂ ਅਤੇ ਲੋੜਵੰਦਾਂ ਨੂੰ ਵਾਧੂ ਗਰਮ ਕੱਪੜੇ ਦਾਨ ਕਰਨ ਦੀ ਮਹੱਤਤਾ

ਹਰਪ੍ਰੀਤ ਸਿੰਘ ਬਰਾੜ।
ਮੇਨ ਏਅਰਫੋਰਸ ਰੋਡ,ਬਠਿੰਡਾ।

ਸਰਦੀ ਦੇ ਠੰਢੇ ਦਿਨ ਅਤੇ ਰਾਤਾਂ, ਜੋ ਅਮੀਰਾਂ ਲਈ ਇੱਕ ਆਰਾਮਦਾਇਕ ਅਨੁਭਵ ਹੋ ਸਕਦੀਆਂ ਹਨ, ਗਰੀਬ ਅਤੇ ਲੋੜਵੰਦ ਲੋਕਾਂ ਲਈ ਜ਼ਿੰਦਗੀ ਅਤੇ ਮੌਤ ਦੇ ਵਿਚਾਲੇ ਦੀ ਕਸੌਟੀ ਬਣ ਸਕਦੀਆਂ ਹਨ। ਗਰੀਬੀ ਦੇ ਕਰਕੇ ਬਹੁਤ ਸਾਰੇ ਲੋਕ ਗਰਮ ਕੱਪੜਿਆਂ ਤੋਂ ਮਹਰੂਮ ਹਨ ਅਤੇ ਖੁੱਲ੍ਹੇ ਆਸਮਾਨ ਹੇਠ ਸੌਣ ਨੂੰ ਮਜਬੂਰ ਹਨ। ਅਜਿਹੇ ਹਲਾਤਾਂ ਵਿੱਚ, ਸਾਡੇ ਵਲੋਂ ਕੀਤਾ ਗਿਆ ਇੱਕ ਛੋਟਾ ਯਤਨ ਵੀ ਉਨ੍ਹਾਂ ਦੀ ਜ਼ਿੰਦਗੀ ਬਚਾ ਸਕਦਾ ਹੈ। ਗਰੀਬਾਂ ਅਤੇ ਲੋੜਵੰਦਾਂ ਨੂੰ ਵਾਧੂ ਗਰਮ ਕੱਪੜੇ ਦਾਨ ਕਰਨਾ ਸਿਰਫ਼ ਇੱਕ ਸੇਵਾ ਨਹੀਂ ਹੈ, ਸਗੋਂ ਇਹ ਮਾਨਵਤਾ ਪ੍ਰਤੀ ਸੱਚੀ ਸ਼ਰਧਾਂਜਲੀ ਹੈ।

ਜਦੋਂ ਸਰਦੀ ਆਪਣੇ ਸਿਖ਼ਰ ' ਤੇ ਹੁੰਦੀ ਹੈ, ਤਾਂ ਓਹ ਬੁਨਿਆਦੀ ਸਹੂਤਾਂ ਤੋਂ ਸੱਖਣੇ ਲੋਕਾਂ ਨਹੀਂ ਕਹਿਰ ਬਣ ਜਾਂਦੀ ਹੈ। ਸੜਕਾਂ ਤੇ ਰਹਿਣ ਵਾਲੇ ਬੱਚੇ, ਬਜ਼ੁਰਗ, ਅਤੇ ਮਜ਼ਦੂਰ ਇਸ ਮੌਸਮ ਦੇ ਵਧੇਰੇ ਸ਼ਿਕਾਰ ਹੁੰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਲਈ ਨਿਰਭਰਤਾ ਸਿਰਫ਼ ਲੋਕਾਂ ਦੀ ਦਾਨਸ਼ੀਲਤਾ ਤੇ ਰਹਿੰਦੀ ਹੈ। ਬੇਘਰ ਹੋਣ ਦੇ ਕਾਰਨ ਉਹਨਾ ਕੋਲ ਨਾ ਹੀ ਗਰਮ ਕੱਪੜੇ ਹੁੰਦੇ ਹਨ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਗਰਮੀ ਪਹੁੰਚਾਉਣ ਵਾਲਾ ਉਪਕਰਨ ਲੈਣ ਦੇ ਲਈ ਓਹ ਸਮਰੱਥ ਹੀ ਹੁੰਦੇ ਹਨ।

ਹਰ ਸਾਲ ਲੱਖਾਂ ਲੋਕ ਸਿਰਫ਼ ਹਿਪੋਥਰਮਿਆ (ਠੰਢ ਕਾਰਨ ਹੋਣ ਵਾਲੀ ਬਿਮਾਰੀ) ਕਾਰਨ ਆਪਣੀ ਜ਼ਿੰਦਗੀ ਗੁਆਉਂਦੇ ਹਨ। ਗਰਮ ਕੱਪੜਿਆਂ ਦੇ ਦਾਨ ਨਾਲ ਅਸੀਂ ਕਈ ਜਾਨਾਂ ਬਚਾ ਸਕਦੇ ਹਾਂ ।ਹਰ ਵਿਅਕਤੀ ਨੂੰ ਸੁਰੱਖਿਆ ਅਤੇ ਸਕੂਨ ਦੇ ਨਾਲ ਜਿੰਦਗੀ ਜਿਉਣ ਦਾ ਹੱਕ ਹੈ। ਗਰਮ ਕੱਪੜੇ ਦੇ ਕੇ ਅਸੀਂ ਉਹਨਾਂ ਨੂੰ ਇਕ ਸੁਰੱਖਿਅਤ ਜੀਵਨ ਦੀ ਇੱਕ ਝਲਕ ਦੇ ਸਕਦੇ ਹਾਂ ।ਜਦੋਂ ਅਸੀਂ ਲੋੜਵੰਦਾਂ ਦੀ ਮਦਦ ਕਰਦੇ ਹਾਂ, ਇਹ ਸਿਰਫ਼ ਉਹਨਾਂ ਲਈ ਹੀ ਨਹੀਂ ਸਗੋਂ ਸਾਡੇ ਲਈ ਵੀ ਇੱਕ ਸੰਤੋਖ ਦਾ ਮੌਕਾ ਹੁੰਦਾ ਹੈ।

ਹਰ ਇੱਕ ਵਿਅਕਤੀ ਆਪਣੇ ਪੁਰਾਣੇ, ਪਰ ਵਰਤਣਯੋਗ ਕੱਪੜਿਆਂ ਨੂੰ ਇਕੱਠਾ ਕਰਕੇ ਗਰੀਬਾਂ ਵਿੱਚ ਵੰਡ ਸਕਦਾ ਹੈ ।ਸਮਾਜ ਵਿੱਚ ਕਈ ਗਰੁੱਪ ਅਤੇ ਸੰਸਥਾਵਾਂ ਅਜਿਹੀਆਂ ਮੁਹਿੰਮ ਚਲਾਉਂਦੀਆਂ ਹਨ ਜਿੱਥੇ ਗਰਮ ਕੱਪੜੇ ਇਕੱਠੇ ਕਰਕੇ ਲੋੜਵੰਦਾਂ ਤੱਕ ਪਹੁੰਚਾਏ ਜਾਂਦੇ ਹਨ। ਅਸੀਂ ਉਹਨਾਂ ਮੁਹਿੰਮਾਂ ਵਿੱਚ ਵੀ ਭਾਗ ਲੈ ਸਕਦੇ ਹਾਂ।

ਗਰੀਬਾਂ ਦੀ ਮਦਦ ਕਰਨਾ ਸਮਾਜਕ ਪ੍ਰਵਿਰਤੀ ਦੇ ਚੰਗੇ ਨਤੀਜੇ ਪੈਦਾ ਕਰਦਾ ਹੈ। ਜਦੋਂ ਸਮਾਜ ਵਿੱਚ ਹਰ ਇੱਕ ਵਿਅਕਤੀ ਇਸ ਪ੍ਰਕਿਰਿਆ ਵਿੱਚ ਸ਼ਾਮਿਲ ਹੁੰਦਾ ਹੈ, ਉਦੋਂ ਉਹ ਸਿਰਫ਼ ਇੱਕ ਮਦਦਗਾਰ ਹੀ ਨਹੀਂ, ਸਗੋਂ ਮਾਨਵਤਾ ਦਾ ਦੂਤ ਬਣ ਜਾਂਦਾ ਹੈ। ਇਸ ਤੋਂ ਇਲਾਵਾ, ਅਜਿਹੇ ਯਤਨਾਂ ਨਾਲ ਗਰੀਬਾਂ ਦੇ ਹੌਸਲੇ ਵਿੱਚ ਵੀ ਵਾਧਾ ਹੁੰਦਾ ਹੈ, ਜੋ ਉਨ੍ਹਾਂ ਨੂੰ ਭਵਿੱਖ ਵਿੱਚ ਕੁਝ ਵੱਡਾ ਕਰਨਾ ਸਿਖਾਉਂਦਾ ਹੈ।

ਦਾਨ ਕਰਨ ਦਾ ਅਨੰਦ ਅਤੇ ਆਤਮਕ ਸ਼ਾਂਤੀ ਅਨਮੋਲ ਹੈ। ਜਦੋਂ ਅਸੀਂ ਕਿਸੇ ਲੋੜਵੰਦ ਨੂੰ ਗਰਮ ਕੱਪੜੇ ਦਾਨ ਕਰਦੇ ਹਾਂ, ਉਨ੍ਹਾਂ ਦੇ ਮੂੰਹ ਤੇ ਆਉਣ ਵਾਲੀ ਮੁਸਕਾਨ ਸਾਡੀ ਮਿਹਨਤ ਦਾ ਸੱਚਾ ਫਲ ਹੁੰਦੀ ਹੈ। ਇਹ ਸਿਰਫ਼ ਸਾਡਾ ਮਨੁੱਖਤਾ ਪ੍ਰਤੀ ਫ਼ਰਜ਼ ਨਹੀਂ, ਸਗੋਂ ਸਾਡੀ ਅੰਦਰੂਨੀ ਰੂਹ ਦੀ ਸੰਤੁਸ਼ਟੀ ਦਾ ਮਾਧਿਅਮ ਵੀ ਹੈ ।ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਸਿਰਫ਼ ਕਿਸੇ ਇੱਕ ਵਿਅਕਤੀ ਦੀ ਜ਼ਿੰਮੇਵਾਰੀ ਨਹੀਂ ਹੈ। ਇਹ ਸਮਾਜ ਦੇ ਹਰ ਵਰਗ ਦੀ ਜ਼ਿੰਮੇਵਾਰੀ ਹੈ। ਜੇਕਰ ਹਰ ਇੱਕ ਵਿਅਕਤੀ ਆਪਣੀ ਜ਼ਿੰਮੇਵਾਰੀ ਨੂੰ ਸਮਝੇ, ਤਾਂ ਕੋਈ ਵੀ ਗਰੀਬ ਇਸ ਸਰਦੀ ਵਿੱਚ ਤਰਸਣ ਲਈ ਮਜਬੂਰ ਨਹੀਂ ਹੋਵੇਗਾ।

ਸਰਕਾਰਾਂ ਅਤੇ ਸੇਵਾ ਸੰਸਥਾਵਾਂ ਨੂੰ ਵੀ ਗਰੀਬਾਂ ਦੀ ਸਹਾਇਤਾ ਲਈ ਮਜਬੂਤ ਕਦਮ ਚੁੱਕਣੇ ਚਾਹੀਦੇ ਹਨ।

ਗਰੀਬਾਂ ਅਤੇ ਲੋੜਵੰਦਾਂ ਲਈ ਵਾਧੂ ਗਰਮ ਕੱਪੜੇ ਦਾਨ ਕਰਨਾ ਸਿਰਫ਼ ਇੱਕ ਮਦਦਗਾਰੀ ਕੰਮ ਨਹੀਂ, ਸਗੋਂ ਇਹ ਮਨੁੱਖਤਾ ਦਾ ਮਨੁੱਖਤਾ ਦੀ ਸੇਵਾ ਪ੍ਰਤੀ ਸੱਚਾ ਉਤਸ਼ਾਹ ਹੈ। ਇਹ ਸਾਡਾ ਫਰਜ਼ ਅਤੇ ਇੱਕ ਆਦਰਾਸ਼ਪੂਰਨ ਜਿੰਦਗੀ ਜਿਉਣ ਦੀ ਪ੍ਰਕਿਰਿਆ ਵੀ ਹੈ। ਇਸ ਮੌਜੂਦਾ ਸਰਦੀ ਦੇ ਮੌਸਮ ਵਿਚ ਆਓ ਅਸੀਂ ਹਰ ਸੰਭਵ ਕੋਸ਼ਿਸ਼ ਕਰੀਏ ਕਿ ਕੋਈ ਵੀ ਵਿਅਕਤੀ ਗਰਮ ਕੱਪੜਿਆਂ ਦੀ ਕਮੀ ਕਾਰਨ ਠੰਢ ਨਾਲ ਨਾ ਲੜੇ ।ਬਹੁਤ ਚੰਗਾ ਹੋਵੇਗਾ ਕਿ ਅਸੀਂ ਮਿਲ ਕੇ ਇਸ ਸੰਸਾਰ ਨੂੰ ਗਰੀਬਾਂ ਲਈ ਵੀ ਥੋੜਾ ਜਿਹਾ ਬਿਹਤਰ ਬਣਾ ਸਕਦੇ ਹਾਂ।




# ਅੰਨਦਾਤਾ ਖੇਤਾਂ ਤੋਂ ਵੱਧ ਸੜਕਾਂ ’ਤੇ ਕਿਉਂ ?

ਦੇਸ਼ ਦਾ ਅੰਨਦਾਤਾ ਖੇਤਾਂ ਤੋਂ ਵੱਧ ਸੜਕਾਂ ’ਤੇ ਇਸ ਵੇਲੇ ਨਜ਼ਰ ਆ ਰਿਹਾ ਹੈ। ਪਤਾ ਨਹੀਂ ਕਿਉਂ ? ਖੇਤਾਂ ਦਾ ਰਾਜਾ ਅਖਵਾਉਣ ਵਾਲਾ ਅੱਜ ਸੜਕਾਂ ’ਤੇ ਧੱਕੇ ਖਾਣ ਨੂੰ ਮਜਬੂਰ ਹੋ ਰਿਹਾ ਹੈ। ਦਰਅਸਲ ਮੁਲਕ ਆਜ਼ਾਦ ਹੋਣ ਤੋਂ ਲੈ ਕੇ ਹੁਣ ਤੱਕ ਸਾਡੇ ਦੇਸ਼ ਦੇ ਅੰਦਰ ਜਿੰਨੀਆਂ ਵੀ ਸਰਕਾਰਾਂ ਬਣੀਆਂ ਹਨ ਉਨ੍ਹਾਂ ਦੇ ਵੱਲੋਂ ਕਿਸਾਨਾਂ ਦੇ ਨਾਲ ਵਾਅਦੇ ਤਾਂ ਵੱਡੇ ਵੱਡੇ ਕੀਤੇ ਜਾਂਦੇ ਰਹੇ ਪਰ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਵਾਸਤੇ ਕੋਸ਼ਿਸ਼ਾਂ ਨਹੀਂ ਕੀਤੀਆਂ। ਭਾਵੇਂ ਕਿ ਮੌਜੂਦਾ ਸਰਕਾਰ ਦੇ ਵੱਲੋਂ ਵੀ ਕਿਸਾਨਾਂ ਦੀਆਂ ਮੰਗਾਂ ਦੇ ਹੱਲ ਲਈ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਮਾਮਲੇ ਸੁਪਰੀਮ ਕੋਰਟ ਵਿੱਚ ਚੱਲ ਰਹੇ ਹਨ। ਪਰ ਬਾਵਜੂਦ ਇਸ ਦੇ ਦੇਸ਼ ਦੇ ਕਿਸਾਨ ਸਰਕਾਰ ਦੀਆਂ ਨੀਤੀਆਂ ਤੋਂ ਨਾ ਖ਼ੁਸ਼ ਹੋ ਕੇ ਸੜਕਾਂ ’ਤੇ ਉੱਤਰਨ ਨੂੰ ਮਜਬੂਰ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਤਾਂ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਕਿਸਾਨ ਨੂੰ ਉਸ ਦੀ ਫ਼ਸਲ ਦਾ ਭਾਵ ਪੂਰਾ ਨਹੀਂ ਮਿਲਦਾ ਤਾਂ ਉਹ ਮਜਬੂਰ ਹੋ ਕੇ ਜਾਂ ਤਾਂ ਆਪਣੀ ਫ਼ਸਲ ਖੇਤ ਵਿੱਚ ਹੀ ਵਾਹ ਦਿੰਦਾ ਹੈ ਜਾਂ ਫਿਰ ਉਹ ਸਰਕਾਰੇ ਦਰਬਾਰੇ ਸੁੱਟ ਕੇ ਆਪਣਾ ਰੋਸ ਜ਼ਾਹਿਰ ਕਰਦਾ ਹੈ।

ਪਿਛਲੇ ਸਮੇਂ ਦੌਰਾਨ ਜੋ ਕੁੱਝ ਘਟਨਾਵਾਂ ਸਾਡੇ ਦੇਸ਼ ਦੇ ਅੰਦਰ ਵਾਪਰੀਆਂ ਹਨ। ਉਸ ਤੋਂ ਇੱਕ ਗੱਲ ਤਾਂ ਸਾਫ਼ ਹੋ ਚੁੱਕੀ ਹੈ ਕਿ ਦੇਸ਼ ਦੀਆਂ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਦੇ ਵੱਲੋਂ ਕਿਸਾਨਾਂ ਦੇ ਹਿੱਤਾਂ ਲਈ ਕੰਮ ਕਰਨ ਦੀਆਂ ਜਿਹੜੀਆਂ ਨੀਤੀਆਂ ਹਨ ਕਿਤੇ ਨਾ ਕਿਤੇ ਉਹ ਕਿਸਾਨਾਂ ਲਈ ਨੁਕਸਾਨ ਦੇ ਸਾਬਤ ਹੋ ਰਹੀਆਂ ਹਨ। ਕਿਸਾਨਾਂ ਦੀ ਫ਼ਸਲ ਐਮਐਸਪੀ ਤੇ ਨਾ ਵਿਕਣ ਦੇ ਕਾਰਨ ਕਿਸਾਨਾਂ ਵੱਲੋਂ ਲਗਾਤਾਰ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਜਦੋਂ ਦਿੱਲੀ ਦੀਆਂ ਬਰੂਹਾਂ ’ਤੇ ਕਿਸਾਨਾਂ ਵੱਲੋਂ ਮੋਰਚੇ ਪੱਕੇ ਲਾਏ ਗਏ ਸਨ ਤਾਂ ਉਸ ਵੇਲੇ ਕਿਸਾਨਾਂ ਦੀ ਮੰਗ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੇ ਨਾਲ ਨਾਲ ਐਮਐਸਪੀ ’ਤੇ ਗਰੰਟੀ ਕਾਨੂੰਨ ਬਣਾਉਣ ਤੋਂ ਇਲਾਵਾ ਕਿਸਾਨਾਂ ਦੀ ਕਰਜ਼ ਮਾਫ਼ੀ ਸੀ। ਪਰ ਉਸ ਵੇਲੇ ਸਰਕਾਰ ਦੇ ਵੱਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਤਾਂ ਰੱਦ ਕਰ ਦਿੱਤਾ ਗਿਆ ਪਰ ਐਮਐਸਪੀ ਕਾਨੂੰਨੀ ਗਰੰਟੀ ਦੇਣ ਲਈ ਇੱਕ ਕਮੇਟੀ ਦਾ ਗਠਨ ਕਰ ਦਿੱਤਾ ਗਿਆ, ਜਿਹੜੀ ਕਿ ਹਾਲੇ ਵੀ ਆਪਣੀ ਕਾਰਵਾਈ ਪਾ ਰਹੀ ਹੈ ਅਤੇ ਸਮੇਂ ਸਮੇਂ ਤੇ ਉਕਤ ਕਮੇਟੀ ਮੀਟਿੰਗਾਂ ਕਰ ਰਹੀ ਹੈ।

ਪੰਜਾਬ ਦੇ ਵਿੱਚ ਕੁੱਝ ਫ਼ਸਲਾਂ ’ਤੇ ਐਮਐਸਪੀ ਮਿਲ ਰਹੀ ਹੈ, ਬਹੁਤੀਆਂ ਫ਼ਸਲਾਂ ’ਤੇ ਐਮਐਸਪੀ ਨਾ ਮਿਲਣ ਦੇ ਕਾਰਨ, ਕਿਸਾਨਾਂ ਨੂੰ ਮਜਬੂਰਨ ਕਣਕ ਝੋਨੇ ਦੀ ਫ਼ਸਲ ਹੀ ਬੀਜਣੀ ਪੈ ਰਹੀ ਹੈ। ਪੰਜਾਬ ਦਾ ਮੁੱਖ ਕੁਦਰਤੀ ਸੋਮਾ ਪਾਣੀ ਹੈ, ਜਿਹੜਾ ਕਿ ਝੋਨੇ ਦੀ ਫ਼ਸਲ ਵਿੱਚ ਅਜਾਈਂ ਤਬਾਹ ਹੋ ਰਿਹਾ ਹੈ। ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਲਗਾਤਾਰ ਝਾੜ ਵਧਾਉਣ ਵਾਲੀਆਂ ਦਵਾਈਆਂ ਦੇ ਛਿੜਕਾਅ ਕਰਨ ਦੇ ਕਾਰਨ ਕਿਸਾਨਾਂ ਦੀਆਂ ਜ਼ਮੀਨਾਂ ਜ਼ਹਿਰੀਲੀਆਂ ਹੋ ਰਹੀਆਂ ਹਨ।

ਭਾਵੇਂ ਕਿ ਹਕੂਮਤ ਵੱਲੋਂ ਦਾਅਵੇ ਕੀਤੇ ਜਾਂਦੇ ਰਹੇ ਹਨ ਕਿ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਇਸ ਸਾਲ ਥੋੜ੍ਹਾ ਉੱਪਰ ਆਇਆ ਹੈ, ਪਰ ਅਸਲੀਅਤ ਤਾਂ ਕੁੱਝ ਹੋਰ ਹੈ। ਪੰਜਾਬ ਸਮੇਤ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਇੱਕ ਦੋ ਫ਼ਸਲਾਂ ਨੂੰ ਛੱਡ ਕੇ ਬਾਕੀ ਕਿਸੇ ’ਤੇ ਐਮਐਸਪੀ ਨਹੀਂ ਦਿੱਤੀ ਜਾ ਰਹੀ। ਸਰਕਾਰੀ ਦਾਅਵੇ ਹਨ ਕਿ ਹਰਿਆਣਾ ਦੇ ਵਿੱਚ ਸਰਕਾਰ ਦੇ ਵੱਲੋਂ 24 ਦੇ ਕਰੀਬ ਫ਼ਸਲਾਂ ਤੇ ਐਮਐਸਪੀ ਦਿੱਤੀ ਜਾਂਦੀ ਹੈ ਅਤੇ ਇਸੇ ਤਰ੍ਹਾਂ ਹੀ ਪੰਜਾਬ ਦੇ ਅੰਦਰ ਵੀ ਏਨੀਆਂ ਹੀ ਫ਼ਸਲਾਂ ਤੇ ਐਮਐਸਪੀ ਦੇਣ ਦੇ ਦਾਅਵੇ ਹਨ, ਪਰ ਅਸਲੀਅਤ ਕੁੱਝ ਹੋਰ ਹੈ।

ਹੁਣ ਸਵਾਲ ਇਹ ਹੈ ਕਿ, ਜੇਕਰ ਕਿਸਾਨਾਂ ਨੂੰ ਹੋਰਨਾਂ ਫ਼ਸਲਾਂ ’ਤੇ ਐਮਐਸਪੀ ਮਿਲ ਰਹੀ ਹੈ ਤਾਂ ਫਿਰ ਉਹ ਸੜਕਾਂ ’ਤੇ ਕਿਉਂ ਹਨ ? ਮੂੰਗੀ, ਬਾਜਰਾ, ਜਵਾਰ, ਕਪਾਹ, ਮੱਕੀ ਸਮੇਤ ਹੋਰ ਫ਼ਸਲਾਂ ਜਿਵੇਂ ਗੰਨਾ ਆਦਿ ’ਤੇ ਐਮਐਸਪੀ ਦੇਣ ਦੇ ਦਾਅਵੇ ਤਾਂ ਕੀਤੇ ਜਾਂਦੇ ਹਨ, ਪਰ ਕਿਸਾਨਾਂ ਦਾ ਦੋਸ਼ ਹੈ ਕਿ ਸਰਕਾਰ ਵੱਲੋਂ ਦਿੱਤੀ ਜਾਂਦੀ ਐਮਐਸਪੀ, ਉਨ੍ਹਾਂ ਤੱਕ ਨਹੀਂ ਪਹੁੰਚਦੀ, ਜਿਸ ਦੇ ਕਾਰਨ ਉਨ੍ਹਾਂ ਦੀ ਲੁੱਟ ਹੁੰਦੀ ਹੈ। ਆਲੂ ਦੀ ਫ਼ਸਲ ’ਤੇ ਕਿਸਾਨਾਂ

ਗੁਰਪ੍ਰੀਤ 95698 20314

ਨੂੰ ਐਮਐਸਪੀ ਨਾ ਮਿਲਣ ਦੇ ਕਾਰਨ ਕਿਸਾਨ ਇਸ ਫ਼ਸਲ ਨੂੰ ਖੇਤਾਂ ਵਿੱਚ ਹੀ ਵਾਹਨ ਨੂੰ ਮਜਬੂਰ ਹਨ। ਹਰ ਸੀਜ਼ਨ ਹੀ ਮੂੰਗੀ, ਮਿਰਚਾਂ, ਗੋਭੀ ਅਤੇ ਹੋਰ ਕੁੱਝ ਖਾਣ ਵਾਲੀਆਂ ਸਬਜ਼ੀਆਂ ’ਤੇ ਐਮਐਸਪੀ ਨਾ ਮਿਲਣ ਕਾਰਨ ਕਿਸਾਨਾਂ ਦੇ ਵੱਲੋਂ ਇਹਨਾਂ ਨੂੰ ਖੇਤਾਂ ਵਿੱਚ ਹੀ ਵਾਹ ਦਿੱਤਾ ਜਾਂਦਾ ਰਿਹਾ ਹੈ।

ਹੁਣ ਵੀ ਅਜਿਹਾ ਕੁੱਝ ਹੀ ਚੱਲ ਰਿਹਾ ਹੈ। ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਪੂਰਾ ਮੁੱਲ ਮਿਲਣ ਦੇ ਕਾਰਨ, ਉਹ ਫ਼ਸਲ ਨੂੰ ਖੇਤਾਂ ਵਿੱਚ ਵਾਹੁਣ ਲਈ ਮਜਬੂਰ ਹੋ ਰਹੇ ਹਨ। ਮਟਰ ਦਾ ਜਿੱਥੇ ਬਾਜ਼ਾਰ ਵਿੱਚ ਭਾਅ 150 ਰੁਪਏ ਹੈ, ਉੱਥੇ ਹੀ ਇਹ ਫ਼ਸਲ ਕਿਸਾਨਾਂ ਕੋਲੋਂ 15 ਤੋਂ 20 ਰੁਪਏ ਖ਼ਰੀਦੀ ਜਾ ਰਹੀ ਹੈ, ਦੂਜੇ ਪਾਸੇ ਗੋਭੀ ਜਿਹੜੀ ਕਿ ਕਿਸਾਨਾਂ ਦੇ ਵੱਲੋਂ ਪੂਰੀ ਮਿਹਨਤ ਮਜ਼ਦੂਰੀ ਦੇ ਨਾਲ ਪਾਲੀ ਜਾਂਦੀ ਹੈ, ਉਸ ਨੂੰ 16 ਤੋਂ 17 ਰੁਪਏ ਖੇਤਾਂ ਵਿੱਚ ਖ਼ਰੀਦਿਆਂ ਜਾ ਰਿਹਾ ਹੈ। ਜਦੋਂ ਕਿ ਬਾਜ਼ਾਰ ਵਿੱਚ ਉਸ ਦੀ ਕੀਮਤ 60 ਤੋਂ 70 ਰੁਪਏ ਹੈ। ਇਸੇ ਤਰ੍ਹਾਂ ਹੋਰ ਕਈ ਸਬਜ਼ੀਆਂ ਹਨ, ਜਿੰਨਾ ਦਾ ਕਿਸਾਨਾਂ ਨੂੰ ਤਾਂ ਪੂਰਾ ਭਾਅ ਨਹੀਂ ਮਿਲਦਾ, ਪਰ ਬਾਜ਼ਾਰ ਵਿੱਚ ਇਸ ਦੀ ਕੀਮਤ ਚੋਖੀ ਹੋ ਜਾਂਦੀ ਹੈ। ਕਿਸਾਨ ਦੇ ਆਲੂ ਉਹਨੂੰ 4 ਤੋਂ 5 ਰੁਪਏ ਵੇਚਣੇ ਪੈਂਦੇ ਹਨ। ਜਦੋਂ ਕਿ ਬਾਜ਼ਾਰ ਵਿੱਚ ਜਾ ਕੇ ਇਸ ਦਾ ਭਾਅ 35 ਤੋਂ 40 ਰੁਪਏ ਹੋ ਜਾਂਦਾ ਹੈ। ਵੈਸੇ, ਕਿਸਾਨਾਂ ਦੀ ਚਿੱਟੇ ਦਿਨ ਹੋ ਰਹੀ ਲੁੱਟ ਦੇ ਪਿੱਛੇ ਕੁੱਝ ਕਿਸਾਨ ਵੀ ਜ਼ਿੰਮੇਵਾਰ ਹਨ। ਜਿੰਨਾ ਦੇ ਵੱਲੋਂ ਆਪਣੀ ਫ਼ਸਲ ਨੂੰ ਖ਼ੁਦ ਬਾਜ਼ਾਰ ਤੱਕ ਜਾਂ ਲੋਕਾਂ ਤੱਕ ਨਹੀਂ ਵੇਚਿਆ ਜਾ ਰਿਹਾ, ਜੇਕਰ ਕਿਸਾਨ ਸਿੱਧਾ ਆਪਣੇ ਖੇਤਾਂ ਵਿੱਚੋਂ ਫ਼ਸਲ ਦੀ ਸਪਲਾਈ ਲੋਕਾਂ ਤੱਕ ਕਰਨੀ ਸ਼ੁਰੂ ਕਰ ਦੇਣ ਤਾਂ, ਕਿਸਾਨਾਂ ਨੂੰ ਵੀ ਬਾਜ਼ਾਰ ਵਾਂਗ ਪੂਰਾ ਪਾ ਮਿਲ ਸਕਦਾ ਹੈ।

ਜਾਣਕਾਰੀ ਲਈ ਦੱਸ ਦੇਈਏ ਕਿ, ਖੇਤੀਬਾੜੀ ਬਹੁਤ ਸਾਰੇ ਕਿਸਾਨਾਂ ਲਈ ਨਾ ਸਿਰਫ਼ ਆਮਦਨ ਅਤੇ ਰੋਜ਼ੀ-ਰੋਟੀ ਦਾ ਸਾਧਨ ਹੈ, ਸਗੋਂ ਜੀਵਨ ਜਾਚ ਅਤੇ ਪਛਾਣ ਦਾ ਸੂਚਕ ਵੀ ਹੈ। ਕਿਸਾਨਾਂ ਦੇ ਦਾਅਵੇ ਮੁਤਾਬਿਕ, ਖੇਤੀ ਨੂੰ ਖੁੱਲ੍ਹੀਂ ਮੰਡੀ ਹਵਾਲੇ ਕਰਨਾ ਨਾ ਤਾਂ ਫ਼ਾਇਦੇਮੰਦ ਹੈ ਅਤੇ ਨਾ ਹੀ ਦੇਸ਼ ਪੱਖੀ, ਇਹ ਸਿਰਫ਼ ਕਾਰਪੋਰੇਟ ਪੱਖੀ ਹੈ। ਇਸ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹੋਣੀ ਲਾਜ਼ਮੀ ਹੈ। ਜ਼ਿਕਰਯੋਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਪੂਰੀ ਫ਼ਸਲ ਸਰਕਾਰ ਦੁਆਰਾ ਖ਼ਰੀਦਣ ਦੀ ਗਾਰੰਟੀ ਨਹੀਂ, ਸਗੋਂ ਇਹ ਹੈ ਕਿ ਕੋਈ ਵੀ ਇਸ ਨੂੰ ਐਲਾਨੀ ਘੱਟੋ-ਘੱਟ ਕੀਮਤ ਜਾਂ ਇਸ ਤੋਂ ਵੱਧ ਮੁੱਲ ’ਤੇ ਹੀ ਖ਼ਰੀਦੇ।

ਸਮਾਜ ਲਈ ‘ਭੋਜਨ ਸੁਰੱਖਿਆ’ ਅਤੇ ਕਿਸਾਨਾਂ ਦੀ ਆਪਣੀ ‘ਰੋਜ਼ੀ-ਰੋਟੀ ਸੁਰੱਖਿਆ’ ਦੇ ਉਦੇਸ਼, ਭਾਰਤੀ ਕਿਸਾਨਾਂ ਦੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ’ਤੇ ਕਾਨੂੰਨੀ ਗਾਰੰਟੀ ਲਈ ਅੰਦੋਲਨ ਨੂੰ ਜਾਇਜ਼ ਠਹਿਰਾਉਂਦੇ ਹਨ। ਇੱਕ ਰਿਪੋਰਟ ਮੁਤਾਬਿਕ, ਭਾਰਤ ਵਿੱਚ ਭੋਜਨ ਦੀ ਘਾਟ ਪੂਰੀ ਕਰਨ ਲਈ ਕਿਸਾਨਾਂ ਨੂੰ ਅਨਾਜ ਦੀ ਪੈਦਾਵਾਰ ਵਧਾਉਣ ਵੱਲ ਹੱਲਾਸ਼ੇਰੀ ਦੇਣ ਲਈ 1966 ਵਿੱਚ ਭਾਰਤ ਸਰਕਾਰ ਨੇ ਕਣਕ ਅਤੇ ਚੌਲਾਂ ਦੀਆਂ ਦੋ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਪ੍ਰਣਾਲੀ ਸ਼ੁਰੂ ਕੀਤੀ।

ਇਸ ਨਾਲ ਅਨਾਜ ਵਿੱਚ ਤਾਂ ਆਤਮ-ਨਿਰਭਰਤਾ ਹੋ ਗਈ, ਪਰ ਇਸ ਨੇ ਫ਼ਸਲੀ ਵੰਨ-ਸਵੰਨਤਾ ਦਾ ਸੰਤੁਲਨ ਵਿਗਾੜ ਦਿੱਤਾ ਹੈ। ਖੇਤੀਬਾੜੀ ਨੂੰ ਧਨਾਢ ਇਜਾਰੇਦਾਰੀ ਤੋਂ ਬਚਾਉਂਦੇ ਹੋਏ ਇਸ ਵਿੱਚ ਦਰੁਸਤੀ ਲਈ ਕਣਕ ਅਤੇ ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਦੇ ਵੀ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਇਸ ਨੂੰ ਕਾਨੂੰਨੀ ਬਣਾਉਣ ਦੀ ਬਜਾਇ, ਧਨਾਢ ਵਪਾਰੀ ਅਤੇ ਸੰਸਾਰ ਵਪਾਰ ਸੰਗਠਨ ਦੇ ਅਸਰ ਹੇਠ ਭਾਰਤ ਸਰਕਾਰ ਖੇਤੀਬਾੜੀ ਨੂੰ ਉਦਯੋਗ ਮੰਨਦੇ ਹੋਏ ਖੁੱਲ੍ਹੀਂ ਮੰਡੀ ਹਵਾਲੇ ਛੱਡਣ ਦੀ ਤਜਵੀਜ਼ ਰੱਖਦੀ ਹੈ, ਦੂਜੇ ਪਾਸੇ ਭਾਰਤੀ ਕਿਸਾਨ ਖੇਤੀ ਦੇ ਉਦਯੋਗਿਕ-ਵਪਾਰਕ ਪੱਖ ਨਾਲੋਂ ਇਸ ਦੇ ਸਮਾਜਿਕ ਪੱਖ ਨੂੰ ਅਹਿਮ ਮੰਨਦੇ ਹੋਏ ਇਸ ਦੀ ਸੁਰੱਖਿਆ ਲਈ ਅੰਦੋਲਨ ਕਰ ਰਹੇ ਹਨ। ਦੂਜੇ ਬੰਨੇ, ਕੇਂਦਰ ਸਰਕਾਰ ਦੇ ਖੇਤੀਬਾੜੀ ਮੰਤਰਾਲਾ ਵੱਲੋਂ 16 ਅਕਤੂਬਰ 2024 ਨੂੰ ਜਾਰੀ ਕੀਤੇ ਗਏ ਬਿਆਨ ਵਿਚ ਦਾਅਵਾ ਕਰਦਿਆਂ ਹੋਇਆ 6 ਫ਼ਸਲਾਂ ’ਤੇ ਐਮ ਐਸ ਪੀ ਵਧਾਉਣ ਬਾਰੇ ਲਿਖਿਆ ਗਿਆ ਹੈ। ਪ੍ਰੈੱਸ ਰਿਲੀਜ਼ ਮੁਤਾਬਿਕ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀਸੀਈਏ) ਨੇ ਮੰਡੀਕਰਨ ਸੀਜ਼ਨ 2025-26 ਲਈ ਸਾਰੀਆਂ ਲਾਜ਼ਮੀ ਹਾੜੀ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧੇ ਨੂੰ ਮਨਜ਼ੂਰੀ ਦਿੱਤੀ ਹੈ। ਸਰਕਾਰ ਨੇ ਮੰਡੀਕਰਨ ਸੀਜ਼ਨ 2025-26 ਲਈ ਹਾੜੀ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਵਾਧਾ ਕੀਤਾ ਹੈ ਤਾਂ ਜੋ ਉਤਪਾਦਕਾਂ ਨੂੰ ਉਨ੍ਹਾਂ ਦੀ ਉਪਜ ਲਈ ਲਾਹੇਵੰਦ ਭਾਅ ਯਕੀਨੀ ਬਣਾਇਆ ਜਾ ਸਕੇ। ਤੋਰੀਆ ਅਤੇ ਸਰ੍ਹੋਂ ਲਈ 300 ਰੁਪਏ ਪ੍ਰਤੀ ਕੁਇੰਟਲ ਅਤੇ ਉਸ ਤੋਂ ਬਾਅਦ ਦਾਲ (ਮਸਰ) ਲਈ 275 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਵੱਧ ਵਾਧੇ ਦਾ ਐਲਾਨ ਕੀਤਾ ਗਿਆ ਹੈ। ਛੋਲੇ, ਕਣਕ, ਕਸੁੰਭੜਾ ਅਤੇ ਜੌਂ ਲਈ ਕ੍ਰਮਵਾਰ 210 ਰੁਪਏ ਪ੍ਰਤੀ ਕੁਇੰਟਲ, 150 ਰੁਪਏ ਪ੍ਰਤੀ ਕੁਇੰਟਲ, 140 ਰੁਪਏ ਪ੍ਰਤੀ ਕੁਇੰਟਲ ਅਤੇ 130 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਸਰਕਾਰੀ ਦਾਅਵੇ ਮੁਤਾਬਿਕ, ਹਾੜ੍ਹੀ ਦੀਆਂ ਫ਼ਸਲਾਂ ਦਾ ਇਹ ਵਧਿਆ ਹੋਇਆ ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਲਈ ਲਾਹੇਵੰਦ ਭਾਅ ਯਕੀਨੀ ਬਣਾਏਗਾ ਅਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰੇਗਾ। ਜਦੋਂਕਿ ਦੂਜੇ ਪਾਸੇ, ਕਿਸਾਨਾਂ ਦਾ ਦਾਅਵਾ ਹੈ ਕਿ, ਸਰਕਾਰ ਏਨਾ ਫ਼ਸਲਾਂ ਨੂੰ ਐਮਐਸਪੀ ’ਤੇ ਖ਼ਰੀਦਣ ਦੀ ਗੱਲ ਕਰ ਰਹੀ ਹੈ ਪਰ ਦੂਜੀਆਂ ਬੀਜੀਆਂ ਜਾਂਦੀਆਂ ਫ਼ਸਲਾਂ, ਸਬਜ਼ੀਆਂ ਜਿੰਨਾ ਦੀ ਨਿੱਤ ਦਿਨ ਇਨਸਾਨ ਦੀ ਜ਼ਿੰਦਗੀ ਵਿੱਚ ਜ਼ਰੂਰਤ ਹੈ, ਉਸਨੂੰ ਵਧਾਉਣ ਬਾਰੇ ਕੋਈ ਚਰਚਾ ਨਹੀਂ ਕੀਤੀ ਜਾ ਰਹੀ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਵਾਸਤੇ ਐਮਐਸਪੀ ਗਰੰਟੀ ਕਾਨੂੰਨ ਬਣਾਵੇ ਤਾਂ ਜੋ ਕਿਸਾਨਾਂ ਦੀ ਹੋ ਰਹੀ ਲੁੱਟ ਬੰਦ ਹੋ ਸਕੇ ਅਤੇ ਕਿਸਾਨ ਵੀ ਹੋਰ ਨਾ ਵਰਗਾਂ ਵਾਂਗ ਚੰਗੀ ਜ਼ਿੰਦਗੀ ਜਿਉਂ ਸਕਣ।

ਕਿਸਾਨਾਂ ਨੂੰ ਉਸਦੀ ਫ਼ਸਲ ਦਾ ਸਹੀ ਭਾਅ ਦੇ ਕੇ ਹੀ ਡੁੱਬਦੀ ਕਿਸਾਨੀ ਨੂੰ ਬਚਾਇਆ ਜਾ ਸਕਦਾ ਹੈ। ਕਰਜ਼ੇ ਦਾ ਮਾਰਿਆ ਅੰਨਦਾਤਾ ’ਤੇ ਜਦੋਂ ਕੁਦਰਤੀ ਮਾਰ ਪੈਂਦੀ ਹੈ ਤਾਂ, ਉਹ ਹੋਰ ਕਰਜ਼ਾਈ ਹੋ ਜਾਂਦਾ ਹੈ। ਇਸ ਵਕਤ ਦੇਸ਼ ਦੇ ਕਿਸਾਨ ਦੀ ਹਾਲਤ ਬੇਹੱਦ ਮਾੜੀ ਹੈ। ਸਰਕਾਰ ਨੂੰ ਸੁਝਾਅ ਹੈ ਕਿ, ਕਿਸਾਨਾਂ ਦੀ ਇਸ ਹਾਲਤ ’ਤੇ ਥੋੜ੍ਹਾ ਤਰਸ ਖਾਣਾ ਚਾਹੀਦਾ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹੋਣੀ ਲਾਜ਼ਮੀ ਹੈ।



# ਪ੍ਰੀਤ ਫੁਲਵਾੜੀ

## (ਇਸ ਸਾਲ)

ਨਾ ਪੈਸੇ ਪਾਣੀ ਵਾਂਗ ਵਹਾਉਣੇ,
ਪਿੱਛੇ ਲੱਗ ਨਾ ਕੱਪੜੇ ਪੜ੍ਹਵਾਉਣੇ,
ਨਵੇਂ ਸਾਲ ਸਾਦੇ ਜਸ਼ਨ ਮਨਾਉਣੇ,
ਸਭ ਵੰਡਕੇ ਆਪਾਂ ਖਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁਝ ਆਪਾਂ ਕਰਕੇ ਦਿਖਾਮਾਂਗੇ੍

ਛੱਡੀਏ ਆਪਾਂ ਮੋੜਾਂ ਤੇ ਖੜ੍ਹਨਾਂ,
ਛੋਟੀ-ਛੋਟੀ ਗੱਲ ਉੱਤੇ ਲੜਨਾ,
ਅਧਿਆਪਕ ਤਾਂ ਰੱਬ ਵਾਂਗੂ ਪੂਜਣੇ,
ਜਿੱਥੇ ਮਿਲੇ ਗੋਡੀਂ ਹੱਥ ਲਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁਝ ਆਪਾਂ ਕਰਕੇ ਦਿਖਾਮਾਂਗੇ੍

ਨਾ ਕਿਸੇ ਨਾਲ ਠੱਗੀ ਠੋਰੀ,
ਮੂੰਹ ਤੇ ਗੱਲ ਕਹੀਏ ਕੋਰੀ,
ਜ਼ਹਿਰ ਭਾਮੇਂ ਖਾਣਾ ਪੇਜੇ,
ਨਾ ਖਾਰ ਆਪਾਂ ਖਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁੱਝ ਆਪਾਂ ਕਰਕੇ ਦਿਖਾਮਾਂਗੇ੍

**ਚੇਤਨ ਬਿਰਧਨੋ**
9417558971

## ਨਵਾਂ ਸਾਲ - ਨਵੇਂ ਸੰਕਲਪ

ਚੜ੍ਹਿ ਆ ਹੈ ਅੱਜ ਸਾਲ ਨਵਾਂ,
ਜੋ ਦੋ ਹਜ਼ਾਰ ਤੇ ਪੱਚੀ।
ਚੌਵੀ ਨੇ ਇਤਿਹਾਸ 'ਚ ਜਾਣਾ,
ਗੱਲ ਹੈ ਬਿਲਕੁਲ ਸੱਚੀ।
ਨਵੇਂ ਸਾਲ ਦੇ ਵਿੱਚ ਅਸਾਂ ਨੇ,
ਨਵੇਂ ਸੰਕਲਪ ਬਣਾਉਣੇ।
ਸਰ ਕਰ ਲੈਣਾ ਮੰਜ਼ਿਲ ਨੂੰ,
ਤੇ ਬੁਰਜ ਬਦੀ ਦੇ ਢਾਹੁਣੇ।
ਸਹਿਜ ਨਿਰੰਤਰ ਤੋਰ ਨੂੰ ਆਪਾਂ,
ਜੀਵਨ-ਲਕਸ਼ ਬਣਾਈਏ।
ਵਿੱਚ-ਵਿਚਾਲੇ ਰੁਕੀਏ ਨਾ,
ਅੱਗੇ ਨੂੰ ਵਧਦੇ ਜਾਈਏ।
ਸੱਚ ਦਾ ਰਸਤਾ ਔਖਾ ਭਾਵੇਂ,
ਪਰ ਹੁੰਦਾ ਹੈ ਚੰਗਾ।
ਸਿਦਕ-ਈਮਾਨ ਦਾ ਪੱਕਾ ਹੋਵੇ,
ਉਹ ਹੈ ਅਸਲੀ ਬੰਦਾ।
ਕੁਦਰਤ ਦਾ ਸੰਤੁਲਨ ਬਚਾਈਏ,
ਧਰਤੀ-ਪੌਣ ਤੇ ਪਾਣੀ।
ਨੇਕੀ ਤੇ ਹਮਦਰਦੀ ਰੱਖੀਏ,
ਜੱਗ ਵਿੱਚ ਰਹੂ ਕਹਾਣੀ।

**ਪ੍ਰੋ. ਨਵ ਸੰਗੀਤ ਸਿੰਘ**
9417692015.

## ਸਾਲ ਨਵਾਂ/ਕਵਿਤਾ

ਅਮੀਰ-ਗਰੀਬ ਵਿੱਚ ਪਾੜਾ ਘਟਾਏ ਸਾਲ ਨਵਾਂ,
ਹਰ ਘਰ ਖੁਸ਼ੀਆਂ ਲੈ ਕੇ ਆਏ ਸਾਲ ਨਵਾਂ।
ਪਿਛਲੇ ਸਾਲ ਬਥੇਰਾ ਤੰਗ ਕੀਤਾ ਹੈ ਮਹਿੰਗਾਈ ਨੇ,
ਇਸ ਚੰਦਰੀ ਤੋਂ ਛੁਟਕਾਰਾ ਦੁਆਏ ਸਾਲ ਨਵਾਂ।
ਧਰਮਾਂ ਤੇ ਜ਼ਾਤਾਂ ਦੇ ਨਾਂ ਤੇ ਜੋ ਲੜਾਂਦੇ ਲੋਕਾਂ ਨੂੰ,
ਉਨ੍ਹਾਂ ਨੂੰ ਸਿੱਧਾ ਰਸਤਾ ਦਿਖਾਏ ਸਾਲ ਨਵਾਂ।
ਆਪਣੇ ਤੇ ਹੀ ਕਰੋੜਾਂ ਖਰਚਣ ਵਾਲਿਆਂ ਨੂੰ,
ਗਰੀਬਾਂ ਦੀਆਂ ਝੁੱਗੀਆਂ ਦਿਖਾਏ ਸਾਲ ਨਵਾਂ।
ਪਹਿਲਾਂ ਉਨ੍ਹਾਂ ਦੀ ਇੱਜ਼ਤ ਮਿੱਟੀ 'ਚ ਰੁਲੀ ਹੈ,
ਹੁਣ ਧੀਆਂ-ਭੈਣਾਂ ਦੀ ਇੱਜ਼ਤ ਬਚਾਏ ਸਾਲ ਨਵਾਂ।
ਜਿਹੜੇ ਜਨਤਾ ਨੂੰ ਬਿਲਕੁਲ ਟਿੱਚ ਸਮਝਦੇ ਨੇ,
ਉਨ੍ਹਾਂ 'ਚ ਅਕਲ ਦੇ ਦੀਪ ਜਗਾਏ ਸਾਲ ਨਵਾਂ।
ਪਿਛਲੇ ਸਾਲ ਜੋ ਭੁੱਲ ਗਏ ਸਨ ਪਿਆਰ ਕਰਨਾ,
ਉਨ੍ਹਾਂ ਨੂੰ ਪਿਆਰ ਕਰਨਾ ਸਿਖਾਏ ਸਾਲ ਨਵਾਂ।
ਵੱਡਿਆਂ ਦਾ ਨਿਰਾਦਰ ਕਰਨ ਵਾਲਿਆਂ ਨੂੰ,
ਉਨ੍ਹਾਂ ਦਾ ਆਦਰ ਕਰਨਾ ਸਿਖਾਏ ਸਾਲ ਨਵਾਂ।
'ਮਾਨ'ਸੁਸਤੀ ਨਾ ਅੱਗੇ ਵਧਣ ਦੇਵੇ ਬੰਦੇ ਨੂੰ,
ਸਭ ਦੀ ਸੁਸਤੀ ਦੂਰ ਭਜਾਏ ਸਾਲ ਨਵਾਂ।

**ਮਹਿੰਦਰ ਸਿੰਘ ਮਾਨ**
ਫੋਨ 9915803554

## ਛੇ ਪੋਹ ਵਰਗੀ ਚੰਦਰੀ ਰਾਤ

ਛੇ ਪੋਹ ਵਰਗੀ ਚੰਦਰੀ ਹੋਣੀ ਨਹੀਂ ਰਾਤ ਕੋਈ
ਮੈਂ ਨਿੱਕਾ ਜਿਹਾ ਹੁੰਦਾ ਸੀ ਦਾਦੀ ਜੀ ਸੁਣਾਉਂਦੇ ਸੀ ਬਾਤ ਕੋਈ
ਜਿਉਂ ਜਿਉਂ ਵੱਡੇ ਹੋਏ ਇਤਿਹਾਸ ਨੂੰ ਆਪੇ ਜਾਣ ਲਿਆ
ਗੁਰਾਂ ਵੱਡਿਆਂ ਵੱਡਿਆ ਦੁੱਖਾਂ ਨੂੰ ਵੀ ਆਪਣੇ ਉੱਤੇ ਕਿਵੇਂ
ਉਸ ਪਰਵਿਦਗਾਰ ਦਾ ਭਾਣਾ ਮੰਨ ਕੇ ਮਾਣ ਲਿਆ
ਧੰਨ ਤੇਰੀ ਸਿੱਖੀ ਦਸਮੇਸ਼ ਪਿਤਾ ਜੀ ਵਾਰੇ ਵਾਰੇ ਜਾਵਾਂ ਮੈਂ
ਕਲਗੀਆਂ ਵਾਲੇ ਪਾਤਸ਼ਾਹ ਸੌ ਸੌ ਵਾਰੀ ਸ਼ੀਸ਼ ਝੁਕਾਵਾਂ ਮੈਂ,,,
ਘੇਰਾ ਮੁਗਲਾਂ ਨੇ ਪਾਇਆ ਚਾਲੀ ਸਿੰਘ ਲਿਖ ਆਏ ਬੇਦਾਵਾ
ਸਿਦਕ ਨਾ ਡੋਲਿਆ ਮੁੱਖ ਵਿੱਚੋਂ ਕੌੜਾ ਵੀ ਨਾ ਫ਼ੁਰਮਾਇਆ
ਪਿਆ ਪਰਿਵਾਰ ਵਿਛੋੜਾ ਨਦੀ ਸਰਸੇ ਦੇ ਕੰਢੇ
ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਦੇ ਨਾਲ
ਵੱਡੇ ਸਾਹਿਬਜ਼ਾਦੇ ਗੁਰਾਂ ਨਾਲ ਗਏ ਭਾਈ ਭਾਈਆਂ ਨਾਲ ?ਂ ਵੰਡੇ
ਜਿੱਥੇ ਜਿੱਥੇ ਗੁਰਾਂ ਚਰਨ ਟਿਕਾਏ ਮਿੱਟੀ ਚੁੱਕ ਮੱਥੇ ਲਾਵਾਂ ਮੈਂ।
ਧੰਨ ਤੇਰੀ ਸਿੱਖੀ ਦਸਮੇਸ਼ ਪਿਤਾ ਜੀ ਵਾਰੇ ਵਾਰੇ ਜਾਵਾਂ ਮੈਂ
ਕਲਗੀਆਂ ਵਾਲੇ ਪਾਤਸ਼ਾਹ ਸੌ ਸੌ ਵਾਰੀ ਸ਼ੀਸ਼ ਝੁਕਾਵਾਂ ਮੈਂ,,,
ਸਰਸਾ ਨਦੀ ਦੇ ਕਿਨਾਰੇ ਪੈ ਗਿਆ ਪਰਿਵਾਰ ਵਿਛੋੜਾ
ਦੋ ਗੁਰਾਂ ਨਾਲ ਦੋ ਮਾਤਾ ਨਾਲ ਸਾਹਿਬਜ਼ਾਦਿਆਂ ਦਾ ਜੋੜਾਂ
ਚੰਦ ਮੋਹਰਾਂ ਦੀ ਖਾਤਰ ਗੰਗੂ ਚੰਦਰੇ ਨੇ ਕਹਿਰ ਕਮਾਇਆ
ਛੋਟੇ ਸਾਹਿਬਜ਼ਾਦਿਆਂ ਦਾ ਜੋੜਾਂ ਵਜ਼ੀਰ ਖਾਂ ਨੂੰ ਫੜਾਇਆ
ਰਹਿੰਦੀ ਦੁਨੀਆਂ ਤੱਕ ਲਾਹਨਤਾਂ ਗੰਗੂ ਲਾਹਨਤੀ ਨੂੰ ਪਾਵਾਂ ਮੈਂ।
ਧੰਨ ਤੇਰੀ ਸਿੱਖੀ ਦਸਮੇਸ਼ ਪਿਤਾ ਜੀ ਵਾਰੇ ਵਾਰੇ ਜਾਵਾਂ ਮੈਂ
ਕਲਗੀਆਂ ਵਾਲੇ ਪਾਤਸ਼ਾਹ ਸੌ ਸੌ ਵਾਰੀ ਸ਼ੀਸ਼ ਝੁਕਾਵਾਂ ਮੈਂ,,,
ਕੱਚੀ ਗੜ੍ਹੀ ਚਮਕੌਰ ਦੀ ਤੇ ਕਦੇ ਸਰਹੰਦ ਕੋਲੋਂ ਪੁੱਛਾਂ
ਦੋ ਦੋ ਕਰ ਲਾਲ ਸੁੱਤੇ ਕਾਹਤੋਂ ਸੰਧੂਆਂ ਵੱਟ ਲਈਆਂ ਚੁੱਪਾਂ
ਮੋਤੀ ਰਾਮ ਮਹਿਰੇ ਦਾ ਹਰ ਥਾਂ ਇਤਿਹਾਸ ਵਿੱਚ ਜ਼ਿਕਰ ਹੋਊ
ਜੀਹਨੇ ਭੁੱਖੇ ਮਾਤਾ ਅਤੇ ਬੱਚਿਆਂ ਦਾ ਕੀਤਾ ਬਲਤੇਜ ਫ਼ ?ਕਰ ਹੋਊ
ਇਹ ਜਨਮ ਗੁਰੂ ਲੇਖੇ ਲੱਗੇ ਮੇਰਾ ਭਾਵੇਂ ਲੱਖ ਤਸੀਹੇ ਝੱਲ ਜਾਵਾਂ ਮੈਂ।
ਧੰਨ ਤੇਰੀ ਸਿੱਖੀ ਦਸਮੇਸ਼ ਪਿਤਾ ਜੀ ਵਾਰੇ ਵਾਰੇ ਜਾਵਾਂ ਮੈਂ
ਕਲਗੀਆਂ ਵਾਲੇ ਪਾਤਸ਼ਾਹ ਸੌ ਸੌ ਵਾਰੀ ਸ਼ੀਸ਼ ਝੁਕਾਵਾਂ ਮੈਂ,,,

**ਬਲਤੇਜ ਸਿੰਘ ਸੰਧੂ**
9465818158

## ਗਾਥਾ

'ਨਿਹੰਗ ਖਾਨ ਅਤੇ ਬੀਬੀ ਮੁਮਤਾਜ'
ਜਦ 'ਬਚਿੱਤਰ ਸਿੰਘ' ਜ਼ਖ਼ਮੀ ਹੋ ਗਿਆ,
ਦਿੱਤਾ 'ਨਿਹੰਗ ਖਾਨ' ਦੇ 'ਕਿਲੇ' ਪਹੁੰਚਾ।
ਜੋ ਮੁਰੀਦ ਸੀ 'ਗੁਰੂ ਗੋਬਿੰਦ ਸਿੰਘ' ਦਾ,
ਜਿਸਦਾ 'ਗੁਰੂ' ਨਾਲ ਸੀ ਪ੍ਰੇਮ ਅਥਾਹ।
ਕੀਤੀ ਕਿਸੇ ਸੂਹੀਏ ਨੇ ਮੁਖ਼ਬਰੀ,
ਲਿਆ 'ਕਿਲੇ' ਨੂੰ ਘੇਰਾ ਪਾ।
'ਨਿਹੰਗ ਖਾਨ' ਨੇ ਧੀ 'ਮੁਮਤਾਜ' ਨੂੰ
'ਸਿੰਘ' ਦੀ ਸੇਵਾ ਦੇ ਵਿੱਚ ਲਾ।
ਇਕ ਕਮਰੇ ਅੰਦਰ ਬਿਠਾਕੇ
ਦਿੱਤਾ ਅੰਦਰੋਂ ਕੁੰਡਾ ਲਵਾ।
ਪੁਲਿਸ ਨੇ ਸਾਰਾ 'ਕਿਲ੍ਹਾ' ਫਰੋਲਤਾ,
ਕਿਤੋਂ ਕੁਝ ਵੀ ਨਾ ਮਿਲ ? ?ਆ।
ਇਕ ਬੰਦ ਕਮਰੇ ਨੂੰ ਵੇਖਕੇ,
'ਨਿਹੰਗ ਖਾਨ' ਨੂੰ ਪੁੱਛਿਆ ਬੁਲਾਅ।
ਫਿਰ 'ਨਿਹੰਗ ਖਾਨ' ਨੇ ਦੱਸਿਆ,
ਤੁਸੀਂ ਵੇਖ ਲਓ ਭਾਵੇਂ ਜਾ।
ਇਥੇ ਮੇਰੀ 'ਧੀ' ਅਤੇ 'ਦਾਮਾਦ' ਹੈ,
ਉਹ ਰਹੇ ਨੇ ਆਰਾਮ ਫ਼ਰਮਾ।
ਕਰ ਯਕੀਨ 'ਨਿਹੰਗ ਖਾਨ' ਤੇ,
ਫਿਰ ਹੋਈ ਪੁਲਿਸ ਵਿਦਾ।
'ਮੁਮਤਾਜ' ਦੇ ਬੋਲ ਕੰਨਾਂ ਵਿਚ ਪੈ ਗਏ,
ਉਹਨੇ ਮਨ ਵਿਚ ਧਾਰ ਲਿਆ।
ਮੰਨ ਲਿਆ 'ਪਤੀ' ਬੱਚਿਤਰ ਸਿੰਘ ਨੂੰ,
ਕਹਿੰਦੀ ÷ਨਹੀਂ ਕਰਾਉਣਾ ਹੋਰ ਨਿਕਾਹ।÷
ਕੁੱਝ ਦਿਨਾਂ ਬਾਅਦ ਬੱਚਿਤਰ ਸਿੰਘ ਜੀ,
ਇਹ ਦੁਨੀਆਂ ਤੋਂ ਤੁਰ ਗਿਆ।
ਇਕ ਦਿਨ ਘਰੇ 'ਨਿਹੰਗ ਖਾਨ' ਨੇ,
ਮੁਮਤਾਜ ਦੇ ਵਿਆਹ ਦੀ ਕਰੀ ਸਲਾਹ।
'ਮੁਮਤਾਜ' ਨੇ ਝੱਟ 'ਪਿਤਾ' ਨੂੰ ਆਖਿਆ,
ਨਹੀਂ ਕਰਾਉਣਾ ਦੂਜਾ ਵਿਆਹ।
ਤੁਸੀਂ ਭੁੱਲ ਗ ?ਏ ਉਦੋਂ ਕੀ ਸੀ ਆਖਿਆ ?
ਦਿੱਤਾ ਪਿਤਾ ਨੂੰ ਯਾਦ ਕਰਾ।
ਹੁਣ ਮੈਂ ਏਦਾਂ ਹੀ ਉਮਰ ਗੁਜਾਰਨੀ,
ਇਹ ਜਿੰਦਗੀ ਉਸਦੇ ਦਿੱਤੀ ਲੇਖੇ ਲਾ।
'ਮੁਮਤਾਜ' ਪੱਕੀ ਰਹੀ ਸਿਦਕ ਦੀ,
ਜੋ ਗਈ ਆਪਣੇ ਬੋਲ ਪੁਗਾ।
ਲੋਕੀ ਉਸਦੀ ਯਾਦਗਾਰ 'ਤੇ ਜਾਕੇ,
ਮੇਜਰ ਰਹੇ ਨੇ ਸੀਸ ਨਿਵਾਅ
ਲੋਕ ਰਹੇ ਨੇ ਸੀਸ ਨਿਵਾਅ...।

**ਮੇਜਰ ਸਿੰਘ ਬੁਢਲਾਡਾ**
94176 42327

## .ਗਜ਼ਲ

ਗੱਲਾਂ ਮੂੰਹੋਂ ਕੱਢ ਹੁੰਦੀਆਂ ਨੇ।
ਫਿਰ ਉਹ ਕਿੱਥੇ ਛੱਡ ਹੁੰਦੀਆਂ ਨੇ।
ਫ਼ਸਲਾਂ ਜੇਕਰ ਪੱਕ ਜਾਵਣ ਤਾਂ,
ਮੁਮਕਿਨ ਹੈ ਫਿਰ ਵੱਢ ਹੁੰਦੀਆਂ ਨੇ।
ਮੁੰਡਿਆਂ ਦੀ ਕੀ ਗੱਲ ਕਰਦੇ ਹੋ,
ਕੁੜੀਆਂ ਕਿਹੜੀਆਂ ਘੱਟ ਹੁੰਦੀਆਂ ਨੇ।
ਰਿਸ਼ਤੇਦਾਰੀ ਦੇ ਵਿਚ ਸਾਂਝਾ,
ਪੈਲੀ ਦੀ ਇਕ ਵੱਟ ਹੁੰਦੀਆਂ ਨੇ।
ਸਜਣਾਂ ਜਿਹੜੀਆਂ ਪਿੱਠ 'ਤੇ ਕੀਤੀਆਂ,
ਸੀਨੇ ਉਤੇ ਫੱਟ ਹੁੰਦੀਆਂ ਨੇ।
ਟੁੱਟੇ ਤਾਰੇ ਕੋਲੋਂ ਪੁੱਛੀ,
ਰਾਤਾਂ ਕਿੱਦਾਂ ਕੱਟ ਹੁੰਦੀਆਂ ਨੇ।
ਵਾਂਗ ਸਪੋਲੀਏ ਵਲ-ਛਲ ਖਾਵਣ,
ਖ਼ਸ਼ਬੂਆਂ ਫਿਰ ਝੱਟ ਹੁੰਦੀਆਂ ਨੇ।
ਬਾਲਮ ਚੁਗਲੀਆਂ ਜਦ ਵੀ ਹੋਵਣ,
ਛੱਜ ਵਿਚ ਪਾ ਕੇ ਛੱਟ ਹੁੰਦੀਆਂ ਨੇ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**
ਮੋ. 98156-25409

## ਜੋ ਖੜ੍ਹੇ ਨੇ/.ਗਜ਼ਲ

ਜੋ ਖੜ੍ਹੇ ਨੇ ਮੇਰੀਆਂ ਰਾਹਵਾਂ ਦੇ ਵਿੱਚ ਚੱਟਾਨ ਬਣ ਕੇ,
ਮਿੱਟੀ ਵਿੱਚ ਉਹਨਾਂ ਨੂੰ ਦੇਵਾਂਗਾ ਮਿਲਾ ਤੂਫਾਨ ਬਣ ਕੇ।
ਨਾਲ ਖੁਸ਼ਬੋਆਂ ਦੇ ਉਹ ਥਾਂ ਭਰ ਗਿਆ, ਜਿੱਥੇ ਗਿਆ ਮੈਂ,
ਨਾ ਗਿਆ ਮੈਂ ਜਿੱਥੇ, ਉਹ ਥਾਂ ਰਹਿ ਗਿਆ ਸ਼ਮਸ਼ਾਨ ਬਣ ਕੇ।
ਸਾਮ ?ਹਣੇ ਮੇਰੇ ਨਹੀਂ ਚਲਣੀ ਉਨ੍ਹਾਂ ਦੀ ਇਕ ਵੀ ਯਾਰੋ,
ਜਿਹੜੇ ਮੈਨੂੰ ਦੱਸਦੇ ਨੇ ਸਭ ਤੋਂ ਬੜੇ ਸ਼ੈਤਾਨ ਬਣ ਕੇ।
ਬਹੁਤ ਚਿਰ ਲੋਕਾਂ ਦੀਆਂ ਨਜ਼ਰਾਂ ਤੋਂ ਬਚ ਸਕਦਾ ਨਹੀਂ ਉਹ,
ਠੱਗ ਕੇ ਜਿਹੜਾ ਉਨ੍ਹਾਂ ਨੂੰ ਬੈਠਾ ਏ ਧਨਵਾਨ ਬਣ ਕੇ।
ਹੱਕ ਆਪਣੇ ਦੀ ਕਰੋ ਵਰਤੋਂ ਸਮਝ ਦੇ ਨਾਲ ਯਾਰੋ,
ਦੇਸ਼ ਖਾਊ,ਚੋਰ ਜੇ ਕਰ ਬਹਿ ਗਿਆ ਪਰਧਾਨ ਬਣ ਕੇ।
ਦੇਸ਼ ਦੇ ਵਿੱਚੋਂ ਉਦੋਂ ਹੀ ਵੰਡ ਕਾਣੀ ਖਤਮ ਹੋਣੀ,
ਜਦ ਹਰਿਕ ਕਮਜ਼ੋਰ ਵੀ ਖੜ੍ਹ ਜਾਏਗਾ ਬਲਵਾਨ ਬਣ ਕੇ।
ਆਪਾ ਲੱਭੇਗਾ ਤਾਂ ਹੀ ਤੈਨੂੰ ਮੇਰੇ ਸ਼ਿਅਰਾਂ ਦੇ ਵਿੱਚੋਂ, ਸ਼ਿਅਰ ਜੇ ਕਰ ਤੂੰ ਪੜ੍ਹੇਂਗਾ ਮੇਰੇ, 'ਮਹਿੰਦਰ ਮਾਨ' ਬਣ ਕੇ।

**ਮਹਿੰਦਰ ਸਿੰਘ ਮਾਨ**
ਫੋਨ 9915803554

## ਕਬੂਲਨਾਮਾ

ਸੁਖਬੀਰ 'ਬਾਦਲ' ਦਾ ਕਬੂਲਨਾਮਾ,
ਅਜੇ ਬੜੇ ਹੀ ਰੰਗ ਦਿਖਾਏਗਾ।
'ਜਥੇਦਾਰਾਂ' ਦੀ ਹੈ ਜ਼ੁਰਅਤ ਕਿੰਨੀ
ਉਹ ਵੀ ਸਾਹਮਣੇ ਲਿਆਏਗਾ।
ਸੱਚ ਝੂਠ ਦਾ ਕਿਹੜਾ ਹਾਮੀ,
ਇਹ ਸਭ ਤੋਂ ਪਰਦਾ ਲਾਹੇਗਾ।
'ਮੇਜਰ' ਲਿਖੇ ਜਾਣੇ ਇਤਿਹਾਸ ਅੰਦਰ,
ਕੌਣ ਕਿਸ ਥਾਂ ਨਾਮ ਲਿਖਾਏਗਾ।

**ਮੇਜਰ ਸਿੰਘ ਬੁਢਲਾਡਾ**
94176 42327

## ਵਜ਼ੀਦ ਖਾਂ ਦੀ ਹਾਰ

ਈਨ ਨਹੀਂ ਮੰਨੀ ਉਹਨਾਂ ਜ਼ਾਲਮ ਸਰਕਾਰ ਦੀ,
ਅੱਜ ਹੋ ਗਈ ਹਾਰ ਯਾਰੋ ਸੂਬੇ ਦੇ ਦਰਬਾਰ ਦੀ।
ਜ਼ੁਲਮ ਉਦੋਂ ਕਰੇ ਵੈਰੀ, ਜਦੋਂ ਗੱਲ, ਮੁੱਕ ਜੇ ਵਿਚਾਰ ਦੀ।
ਬੱਚੇ ਰਹੇ ਜਿੱਤਦੇ, ਡੋਲੇ ਨਹੀਂ ਉਹ,
ਪੱਕੇ ਸੀ ਇਰਾਦੇ ਫਿਰ ਮੌਤ ਕਿਵੇਂ ਮਾਰਦੀ।
ਜਿਉਂਦੇ ਸਾਹਿਬਜ਼ਾਦੇ, ਮਰਿਆ ਵਜੀਦ ਖਾਨ,
ਵੇਖੀ ਜਦ ਆਪਣੀ ਇੱਜ਼ਤ ਉੱਥੇ ਹਾਰ ਦੀ।
ਅਖੀਰ ਆਖ ਦਿੱਤਾ ਕਰ ਦਿਓ ਕਤਲ,
ਘੜੀ ਹੁਣ ਮੁੱਕੀ ਸਾਡੇ ਇੰਤਜ਼ਾਰ ਦੀ।
ਲਾਲ ਛੱਡਦੇ ਜੈਕਾਰੇ ਬਾਹਾਂ ਕਰ ਉੱਚੀਆਂ,
ਲਾਜ ਰੱਖ ਲਈ ਉਹਨਾਂ ਬੰਨ੍ਹੀ ਦਸਤਾਰ ਦੀ।
ਅੰਤ ਨੂੰ ਸ਼ਹੀਦ ਹੋ ਗਏ ਦੋਵੇਂ ਲਾਲ ,ਪੱਤੋ,
ਹੋਰ ਪੱਕੀ ਨੀਂਹ ਕਰ ਗਏ ਸਿੱਖੀ ਦੀ, ਦੀਵਾਰ ਦੀ।
ਹਰਪ੍ਰੀਤ, ਕੌਮਾਂ ਸ਼ਹੀਦਾਂ ਸਿਰ ਜਿਉਂਦੀਆਂ,
ਜੋ ਭੁੱਲ ਜਾਣ ਉਹਨਾਂ ਤਾਂਈ ਦੁਨੀਆਂ ਦੁਰਕਾਰ ਦੀ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਖੌਰੇ ਕੀ ਸੋਚਦਾ ਸਾਂ

ਮੈ ਬੜਾ ਸੋਚਦਾ ਸਾਂ
ਖੌਰੇ ਕੀ ਸੋਚਦਾ ਸਾਂ
ਮੈ ਬੜਾ ਨੋਚਦਾ ਸਾਂ
ਖੌਰੇ ਕੀ ਨੋਚਦਾ ਸਾਂ

ਜਿੰਦ ਬੋਝਾ ਕੱਟੀ ਏ
ਹੱਥਾਂ ਤਾਈ ਫੱਟੀ ਏ
ਮੈ ਬੜਾ ਪੋਚਦਾ ਸਾਂ
ਖੌਰੇ ਕੀ ਪੋਚਦਾ ਸਾਂ

ਅੰਬਰ ਤੇ ਟੱਟੇ ਤਾਰੇ
ਚੰਨ ਨੇੜੇ ਬੈਠੇ ਸਾਰੇ
ਮੈਂ ਬੜਾ ਬੋਚਦਾ ਸਾਂ
ਖੌਰੇ ਕੀ ਬੋਚਦਾ ਸਾਂ

ਇਹ ਵੀ ਹੋ ਸਕਦਾ
ਚੰਦਨ ਤੂੰ ਖੋ ਸਕਦਾ
ਮੈ ਬੜਾ ਘੋਚਦਾ ਸਾਂ
ਖੌਰੇ ਕੀ ਘੋਚਦਾ ਸਾਂ

**ਚੰਦਨ ਹਾਜੀਪੁਰੀਆ**
**pchauhan5572@gmail.com**

## .ਗਜ਼ਲ

ਸੁਣੀ ਜਾਣੀ ਨਹੀਂ
ਮੈਥੋਂ ਤੇਰੀ ਹਾਂ ਵੀ ਤੇ ਨਾਂਹ ਵੀ
ਬੋਲ ਦੇ ਕਰ ਹਿੰਮਤ ਬਥੇਰੀ ਹਾਂ
ਵੀ ਤੇ ਨਾਂਹ ਵੀ
ਬੜਾ ਨਾਜ਼ੁਕ ਦਿਲ
ਇਹਨੂੰ ਦੁੱਖ-ਸੁੱਖ ਦੀ ਸਾਰ ਨਹੀਂ
ਪਾਗ਼ਲ ਕਰ ਸਕਦੀ ਏ
ਹਾਂ ਵੀ ਤੇ ਨਾਂਹ ਵੀ
ਤਾਂਘ ਏ, ਬੜੀ ਆਸ ਏ,
ਬੜਾ ਜਜ਼ਬਾ ਤੇ ਉਤਸ਼ਾਹ ਏ,
ਪਲ ਵਿਚ ਦੇਊ ਢਾਹ
ਢੇਰੀ ਹਾਂ ਵੀ ਤੇ ਨਾਂਹ ਵੀ
ਸ਼ਾਂਤ ਹਾਂ, ਟਿਕਿਆ ਹਾਂ,
ਬਿਲਕੁਲ ਭਟਕਣ ਮੁਕਤ ਹਾਂ,
ਸੀਨੇ ਵਿਚ ਲੈ ਆਊ ਹਨੇਰੀ ਹਾਂ
ਵੀ ਤੇ ਨਾਂਹ ਵੀ

**-ਡਾ. ਆਤਮਾ ਸਿੰਘ ਗਿੱਲ**
9878883680

## ਕਾਸ

ਮੁਰਦੇ ਬੋਲਦੇ ਹੁੰਦੇ
ਦੁੱਖ ਦਿਲਾਂ ਦੇ ਫੋਲਦੇ ਹੁੰਦੇ
ਕੋਈ ਪੀੜ ਦਿਲਾਂ ਚ ਨਾ ਹੁੰਦੀ
ਮਾਵਾਂ ਧੀਆਂ ਰੱਜ ਗੱਲਾਂ ਕਰਦੀਆਂ
ਰੋਣਾ ਭੁੱਲ ਜਾਂਦੀ ਮੈਂ ਵੀ
ਗੱਲ ਮਾਂ ਨਾਲ ਰੱਜ ਰੱਜ ਕੇ ਕਰਦੀਂ
ਹੁਣ ਉੱਤੋਂ ਉੱਤੋਂ ਹੱਸਦੀ ਆ
ਦੁੱਖ ਕਿਸੇ ਨੂੰ ਨਾ ਦੱਸਦੀਆਂ
ਮਾਂ ਨਿਤ ਚੇਤੇ ਤੈਨੂੰ ਕਰਦੀ ਆ
ਬੈਠ ਕੱਲੀ ਹੌਕੇ ਭਰਦੀ ਆ
ਕਿਤੋਂ ਆਜਾ ਬਣ ਕੇ ਹਵਾ ਦਾ ਬੁੱਲਾ

**ਜਸਪ੍ਰੀਤ ਕੌਰ ਗੁਰਨਾ**

## ਗਜ਼ਲ

ਕੀ ਲਿਖਾਂ ਮੈ ਮਾਂ ਤੇਰੇ ਬਾਰੇ
ਤੂੰ ਹੀ ਮੈਨੂੰ ਸਜਾਇਆ ਏ,
ਕੀ ਤੇਰੇ ਬਾਰੇ ਕਲਮ ਲ਼ਿਖੇਗੀ ,
ਤੇਰੀਆ ਦਿੱਤੀਆ ਦੁਵਾਵਾਂ
ਸਿਰ ਤੇ ਹੀ ਚੱਲਦੀ ਏ,
ਜਿਸ ਤਰਾਂ ਇਹ ਕਲਮ ਸ਼ਾਹੀ
ਤੋ ਬਿੰਨਾ ਬੇਰੰਗ ਏ,
ਉਸੇ ਤਰਾਂ ਮਾਂ ਬਿੰਨਾ ਹੀ
ਜਿੰਦਗੀ ਬੇਰੰਗ ਏ,
ਕੀ ਸਿਫਤਾਂ ਕਰੇਗੀ ਕਲਮ ਤੇਰੀਆਂ
ਇਹ ਪੰਨੇ ਮੁੱਕ ਜਾਣੇ ਨੇ।
ਮਾਂ ਤੇਰੇ ਕਰਜ ਨੀ ਦੇ ਸਕਦਾ।
ਇਹ ਜਿੰਦਗੀ ਦੇ ਸ਼ਫਰ ਮੁੱਕ ਜਾਣੇ ਨੇ,
ਕੀ ਸ਼ਿਫਤਾਂ ਲਿਖੇਗੀ ਕਲਮ ਮਾਂ ਦੀਆਂ ,
ਗੁਰੀ ਤੇਰੇ ਲਫਜ ਮੁੱਕ ਜਾਣੇ ਨੇ ,
ਸੇਵਾ ਕਰਲੋ ਲੋਕੋ ਉਏ ,
ਇਹ ਮਾਪੇ ਜੱਗ ਤੋ ਤੁਰ ਜਾਣੇ ਨੇ !!!!

**ਗੁਰਪਿੰਦਰ ਆਦੀਵਾਲ ਸ਼ੇਖਪੁਰਾ**
7657902005

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 285

Website: www.preetnama.com Email preetnamausa@gmail.com

03 JAN TO 09 JAN , 2024



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com